ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ

# ਬਾਬਾ ਪਰਮਾਨੰਦ ਕੰਨਿਆ ਮਹਾਂਵਿਦਿਆਲਿਆ, ਜਖੇਪਲ

# ਪ੍ਰਾਸਪੈਕਟਸ

## ਸ਼ੈਸ਼ਨ 2025-26









## BABA PARMANAND KANYA MAHAVIDYALYA, JAKHEPAL (Sangrur)

Visit us on website : https://bpkmj.com
E-mail : babaparmanand750@gmail.com

Ph 01676-288723, 288148, 94784-06700

ਮੂਲ ਮੰਤਰ

ੴ

ਸਤਿਨਾਮੁ ਕਰਤਾ ਪੁਰਖੁ

ਨਿਰਭਉ ਨਿਰਵੈਰੁ

ਅਕਾਲ ਮੂਰਤਿ ਅਜੂਨੀ ਸੈਭੰ

ਗੁਰ ਪ੍ਰਸਾਦਿ॥

ਗੁਰ ਪ੍ਰਸਾਦਿ

ਵਿਦਿਆ ਵੀਚਾਰੈ

ਪੜ੍ਹਿ ਪੜ੍ਹਿ

ਪਾਵੈ ਮਾਨੁ ॥



**108 ਮਹੰਤ ਸ਼੍ਰੀਮਾਨ**
**ਬਾਬਾ ਪਰਮਾਨੰਦ ਜੀ**



**108 ਮਹੰਤ ਸ਼੍ਰੀਮਾਨ**
**ਬਾਬਾ ਕ੍ਰਿਸ਼ਨ ਦਾਸ ਜੀ**

# ਸੰਦੇਸ਼



## ਚੇਅਰਮੈਨ ਬਾਬਾ ਰਤਨਦਾਸ ਜੀ

ਸੰਤ ਕ੍ਰਿਸ਼ਨ ਦਾਸ ਜੀ ਮਹਾਰਾਜ ਨੇ ਇਹ ਸੰਸਥਾ ਸਥਾਪਿਤ ਕਰਕੇ ਦਿਹਾਤੀ ਲੋਕਾਂ ਨੂੰ ਇੱਕ ਅਨਮੁੱਲਾ ਤੋਹਫਾ ਦਿੱਤਾ। ਇਸ ਸੰਸਥਾ ਨੇ ਪਿੰਡਾਂ ਦੀਆਂ ਬੱਚੀਆਂ ਨੂੰ ਆਧੁਨਿਕ ਸਿੱਖਿਆ ਦੇ ਮੌਕੇ ਪ੍ਰਦਾਨ ਕੀਤੇ ਹਨ । ਇਹ ਸੰਸਥਾ ਇਲਾਕੇ ਦੇ ਲਈ ਇੱਕ ਵਰਦਾਨ ਸਾਬਿਤ ਹੋਈ ਹੈ । ਸੰਤ ਕ੍ਰਿਸ਼ਨ ਦਾਸ ਜੀ ਮਹਾਰਾਜ ਦੇ ਸੇਵਕ ਹੋਣ ਦੇ ਨਾਤੇ ਮੈਂ ਇੱਕ ਅਜਿਹਾ ਕਾਲਜ ਸਥਾਪਿਤ ਕਰਨ ਦਾ ਸੁਪਨਾ ਦੇਖਿਆ ਜਿੱਥੇ ਵਿਦਿਆਰਥਣਾਂ ਪਰੰਪਰਾਵਾਂ ਅਤੇ ਸੰਸਕ੍ਰਿਤੀ ਦੇ ਨਾਲ ਮਿਸ਼ਰਿਤ ਪਰੰਪਰਾਗਤ ਅਧਾਰ 'ਤੇ ਅਧਾਰਿਤ ਆਧੁਨਿਕ ਅਤੇ ਵਿਗਿਆਨਿਕ ਸਿੱਖਿਆ ਪ੍ਰਾਪਤ ਕਰ ਸਕਣ । ਮੇਰਾ ਵਿਸ਼ਵਾਸ ਹੈ ਕਿ ਸਾਡੇ ਨੌਜਵਾਨ ਸਾਡੇ ਦੇਸ਼ ਦਾ ਭਵਿੱਖ ਹਨ। ਇੱਕ ਦੇਸ਼ ਦੀ ਤਰੱਕੀ ਇਸਦੇ ਨੌਜਵਾਨਾਂ ਉੱਤੇ ਨਿਰਭਰ ਕਰਦੀ ਹੈ। ਸਾਡਾ ਦੇਸ਼ ਤਾਂ ਹੀ ਤੇਜ ਵਿਕਾਸ ਕਰੇਗਾ ਜੇ ਸਾਡੇ ਨੌਜਵਾਨ ਮਾਨਸਿਕ ਅਤੇ ਸਰੀਰਕ ਤੌਰ 'ਤੇ ਮਜ਼ਬੂਤ ਹੋਣਗੇ । ਵਿਦਿਆਰਥੀਆਂ ਦਾ ਵਿਸ਼ਵਾਸ ਹੈ ਕਿ ਸੰਤ ਕ੍ਰਿਸ਼ਨ ਦਾਸ ਜੀ ਮਹਾਰਾਜ ਨੇ ਇਸ ਕਾਲਜ ਦੀ ਬੁਨਿਆਦ ਰੱਖ ਕੇ ਦਿਹਾਤੀ ਲੋਕਾਂ ਨੂੰ ਇੱਕ ਵਿਲੱਖਣ ਦਾਤ ਪ੍ਰਦਾਨ ਕੀਤੀ ਹੈ । ਇਸ ਸੰਸਥਾ ਨੇ ਇਲਾਕੇ ਦੇ ਬੱਚਿਆਂ ਲਈ ਆਧੁਨਿਕ ਸਿੱਖਿਆ ਪ੍ਰਾਪਤ ਕਰਨ ਦੇ ਦਰਵਾਜੇ ਖੋਲ ਦਿੱਤੇ ਹਨ । ਇੱਥੇ ਵਿਦਿਆਰਥੀਆਂ ਨੂੰ ਵਿੱਦਿਅਕ ਗਿਆਨ ਦੇ ਨਾਲ-ਨਾਲ ਨੈਤਿਕ ਮੁੱਲ ਵੀ ਦਿੱਤੇ ਜਾਂਦੇ ਹਨ । ਮੇਰਾ ਇਹ ਉਦੇਸ਼ ਹੈ ਕਿ ਵਿਦਿਆਰਥੀਆਂ ਨੂੰ ਚੰਗੇ ਇਨਸਾਨ ਅਤੇ ਨਾਗਰਿਕ ਬਣਾਇਆ ਜਾਵੇ ਤਾਂ ਜੋ ਉਹਨਾਂ ਨੂੰ ਸਮਾਜ ਵਿੱਚ ਚੰਗੇ ਗੁਣਾਂ ਨਾਲ ਸਵੀਕਾਰ ਕੀਤਾ ਜਾਵੇ । ਉਹ ਬਾਬਾ ਪਰਮਾਨੰਦ ਕੰਨਿਆ ਮਹਾਂਵਿਦਿਆਲਿਆ ਦਾ ਹਿੱਸਾ ਬਣਨ ਤੇ ਆਪਣੇ ਆਪ ਉੱਤੇ ਮਾਣ ਮਹਿਸੂਸ ਕਰਨ । ਜਦੋਂ ਉਹ ਇੱਥੋਂ ਬਾਹਰ ਜਾਣ ਤਾਂ ਉਹ ਆਪਣੇ ਕੈਰੀਅਰ ਦੀ ਮਜ਼ਬੂਤ ਇਮਾਰਤ ਖੜੀ ਕਰ ਸਕਣ।



## ਮੈਨੇਜਰ ਬਾਬਾ ਪ੍ਰੀਤਮ ਦਾਸ ਜੀ

ਮੈਨੂੰ ਇਹ ਕਹਿਣ 'ਤੇ ਮਾਣ ਮਹਿਸੂਸ ਹੋ ਰਿਹਾ ਹੈ ਕਿ ਬਾਬਾ ਪਰਮਾਨੰਦ ਕੰਨਿਆ ਮਹਾਂਵਿਦਿਆਲਿਆ ਚੰਗੇ ਸਮਾਜ ਦੀ ਸਿਰਜਣਾ ਕਰਨ ਵਾਲੀ ਅਸਲੀ ਨਰਸਰੀ ਹੈ । ਇਹ ਸੰਸਥਾ ਇੱਕ ਪੇਂਡੂ ਸੰਸਥਾ ਹੋਣ ਦੇ ਬਾਵਜੂਦ ਵੀ ਲੜਕੀਆਂ ਨੂੰ ਅਜਿਹੀ ਉੱਚ ਪੱਧਰੀ ਸਿੱਖਿਆ ਪ੍ਰਦਾਨ ਕਰ ਰਹੀ ਹੈ ਜੋ ਉਹਨਾਂ ਨੂੰ ਆਤਮ ਨਿਰਭਰ ਹੋਣ ਲਈ ਮੀਲ ਪੱਥਰ ਸਾਬਿਤ ਹੋਵੇਗੀ । ਆਧੁਨਿਕ ਮੁਕਾਬਲੇ ਦੇ ਯੁੱਗ ਵਿੱਚ ਸਫਲਤਾ ਪੂਰਵਕ ਪ੍ਰਦਰਸ਼ਨ ਕਰਨ ਲਈ ਸਾਨੂੰ ਲਗਾਤਾਰ ਨਵੀਨਤਾ ਨੂੰ ਅਪਣਾਉਣਾ ਹੋਵੇਗਾ ਅਤੇ ਨਿਰੰਤਰ ਸਿੱਖਣ ਦੇ ਮਾਧਿਅਮ ਤੋਂ ਹਰ ਸਮੇਂ ਗਿਆਨ ਅਤੇ ਹੁਨਰ ਵਿੱਚ ਨਵੀਨਤਾ ਲਿਆਉਣ ਲਈ ਤਿਆਰ ਰਹਿਣਾ ਹੋਵੇਗਾ ।

ਅਸੀਂ ਬਾਬਾ ਪਰਮਾਨੰਦ ਕੰਨਿਆ ਮਹਾਂਵਿਦਿਆਲਾ ਜਖੇਪਲ ਵਿਖੇ ਅਜਿਹੇ ਪੇਸ਼ੇਵਰ ਵਿਦਿਆਰਥੀ ਪੈਦਾ ਕਰਦੇ ਹਾਂ ਜੋ ਆਪਣੇ ਹੁਨਰ, ਗਿਆਨ ਸੱਭਿਆਚਾਰ ਅਤੇ ਆਤਮਵਿਸ਼ਵਾਸ ਨਾਲ ਉਭਰਦੀਆਂ ਹੋਈਆਂ ਪ੍ਰਵਿਰਤੀਆਂ ਦੇ ਲਈ ਖੁਦ ਨੂੰ ਅਪਨਾਉਣ 'ਤੇ ਆਪਣੇ ਚੁਣੇ ਹੋਏ ਪੇਸ਼ਿਆਂ ਵਿੱਚ ਸਮਾਯੋਜਿਤ ਹੋ ਸਕਣ । ਇਹ ਯਕੀਨੀ ਕਰਨ ਲਈ ਸਾਡੀ ਕੋਸ਼ਿਸ਼ ਹੈ ਕਿ ਹਰ ਵਿਦਿਆਰਥੀ ਦੀਆਂ ਜਰੂਰਤਾਂ 'ਤੇ ਉਮੀਦਾਂ ਪੂਰੀਆਂ ਹੋਣ । ਇਸ ਲਈ ਆਪਣੇ ਬੱਚਿਆਂ ਦੇ ਉੱਜਵਲ ਭਵਿੱਖ ਲਈ ਉਹਨਾਂ ਨੂੰ ਬਾਬਾ ਪਰਮਾਨੰਦ ਕੰਨਿਆ ਮਹਾਂਵਿਦਿਆਲਾ ਜਖੇਪਲ ਵਿਖੇ ਭੇਜੋ।

# ਪ੍ਰਿੰਸੀਪਲ ਦੀ ਕਲਮ ਤੋਂ..



ਮਾਲਵੇ ਦੇ ਪਛੜੇ ਖੇਤਰ ਵਿੱਚ ਸੰਤ ਬਾਬਾ ਪਰਮਾਨੰਦ ਜੀ ਦੀ ਚਰਨ ਛੋਹ ਪ੍ਰਾਪਤ ਇਸ ਪਵਿੱਤਰ ਧਰਤੀ ਤੇ ਸਥਾਪਿਤ ਇਸ ਵਿੱਦਿਅਕ ਅਦਾਰੇ ਦੀ ਇੱਕ ਵਿਲੱਖਣ ਪਹਿਚਾਣ ਹੈ। ਬਾਬਾ ਪ੍ਰੀਤਮ ਦਾਸ ਜੀ ਦੀ ਸੁਯੋਗ ਅਗਵਾਈ ਹੇਠ ਇਹ ਸੰਸਥਾ ਇਲਾਕੇ ਦੇ ਸਹਿਯੋਗ ਨਾਲ ਲੜਕੀਆਂ ਨੂੰ ਮਿਆਰੀ ਵਿੱਦਿਆ ਪ੍ਰਦਾਨ ਕਰ ਰਹੀ ਹੈ।

ਪੇਂਡੂ ਪਿਛੋਕੜ ਹੋਣ ਦੇ ਬਾਵਜੂਦ ਇਸ ਕਾਲਜ ਦੇ ਨਤੀਜੇ ਹਮੇਸ਼ਾ ਵਧੀਆ ਰਹੇ ਹਨ। ਖੇਡਾਂ, ਐਨ.ਐਸ.ਐਸ., ਧਾਰਮਿਕ ਗਤੀਵਿਧੀਆਂ ਅਤੇ ਸਹਿ-ਵਿੱਦਿਅਕ ਸਰਗਰਮੀਆਂ ਵਿੱਚ ਇਸ ਕਾਲਜ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ ਹਨ। ਖਾਸ ਤੌਰ ਤੇ ਖੇਡਾਂ ਦੇ ਖੇਤਰ ਵਿੱਚ ਨੈਸ਼ਨਲ ਪੱਧਰ ਦੀਆਂ ਜ਼ਿਕਰਯੋਗ ਪ੍ਰਾਪਤੀਆਂ ਹਨ। ਇਸ ਕਾਲਜ ਵਿੱਚ ਬੀ.ਏ., ਬੀ.ਕਾਮ, ਬੀ.ਸੀ.ਏ. ਅਤੇ ਪੀ.ਜੀ.ਡੀ.ਸੀ.ਏ. ਆਦਿ ਕੋਰਸ ਤਜ਼ਰਬੇਕਾਰ ਅਤੇ ਉਚ ਯੋਗਤਾ ਪ੍ਰਾਪਤ ਸਟਾਫ ਦੀ ਮਿਹਨਤ ਸਦਕਾ ਸਫਲਤਾਪੂਰਵਕ ਚੱਲ ਰਹੇ ਹਨ। ਕਾਲਜ ਕੋਲ ਆਪਣੀ ਟਰਾਂਸਪੋਰਟ ਦਾ ਖਾਸ ਪ੍ਰਬੰਧ ਹੈ, ਜੋ ਇਲਾਕੇ ਦੇ ਤਕਰੀਬਨ 40 ਪਿੰਡਾਂ ਨੂੰ ਕਵਰ ਕਰਦੀ ਹੈ ।

ਅੰਤ ਵਿੱਚ ਮੈਂ ਕਾਲਜ ਵਿੱਚ ਦਾਖਲ ਹੋਣ ਵਾਲੇ ਵਿਦਿਆਰਥੀਆਂ ਦਾ ਸਵਾਗਤ ਕਰਦਾ ਹਾਂ ਅਤੇ ਉਨ੍ਹਾਂ ਦੇ ਉੱਜਲ ਭਵਿੱਖ ਦੀ ਕਾਮਨਾ ਕਰਦਾ ਹਾਂ । ਆਸ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਇਹ ਵਿੱਦਿਅਕ ਸੰਸਥਾ ਇਲਾਕੇ ਲਈ ਇੱਕ ਚਾਨਣ ਮੁਨਾਰਾ ਸਿੱਧ ਹੋਵੇਗੀ ਅਤੇ ਨਵੇਂ ਦਾਖਲ ਹੋਣ ਵਾਲੇ ਵਿਦਿਆਰਥੀ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਅਣਥੱਕ ਮਿਹਨਤ ਕਰਨਗੇ ।

ਡਾ. ਉਂਕਾਰ ਸਿੰਘ (ਪ੍ਰਿੰਸੀਪਲ)

# ਦ੍ਰਿਸ਼ਟੀਕੋਣ

➤ ਸਾਡਾ ਦ੍ਰਿਸ਼ਟੀਕੋਣ ਬੱਚਿਆਂ ਦੀ ਸਿੱਖਣ ਪ੍ਰਤੀ ਰੁਚੀ ਨੂੰ ਉਤਸਾਹਿਤ ਕਰਦਾ ਹੈ, ਸਿਲੇਬਸ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਸਮਾਜ ਅਤੇ ਮਨੁੱਖੀ ਜੀਵਨ ਬਾਰੇ ਪ੍ਰੇਰਿਤ ਕਰਦਾ ਹੈ ਅਤੇ ਉਨ੍ਹਾਂ ਨੂੰ ਅੱਗੇ ਵਧਣ ਲਈ ਇੱਕ ਮਜ਼ਬੂਤ ਨੀਂਹ ਪ੍ਰਦਾਨ ਕਰਦਾ ਹੈ ।

➤ ਵਿਦਿਆਰਥੀਆਂ ਨੂੰ ਮਿਲ ਜੁਲ ਕੇ ਰਹਿਣ, ਮਨੁੱਖਤਾ ਦੀ ਸੇਵਾ ਕਰਨ, ਸਾਹਿਤ ਅਤੇ ਕਿਤਾਬਾਂ ਪੜ੍ਹਣ ਲਈ ਪ੍ਰੇਰਿਤ ਕਰਦਾ ਹੈ ।

➤ ਹਰ ਇੱਕ ਵਿਦਿਆਰਥੀ ਨੂੰ ਸਮਾਜਿਕ ਸੇਵਾਵਾਂ ਅਤੇ ਆਪਣੇ ਆਲੇ-ਦੁਆਲੇ ਨੂੰ ਪਰਖਣ ਦੀ ਜਾਂਚ ਸਿਖਾਉਂਦਾ ਹੈ ।

➤ ਅਸੀਂ ਇਕ ਵਿਦਿਅਕ ਅਤੇ ਨੈਤਿਕ ਕੀਮਤਾਂ ਨਾਲ ਲਬਰੇਜ਼ ਵਾਤਾਵਰਨ ਸਿਰਜਣ ਦੀ ਕੋਸ਼ਿਸ਼ ਕਰਦੇ ਹਾਂ, ਤਾਂ ਜੋ ਵਿਦਿਆਰਥੀਆਂ ਵਿੱਚ ਬੌਧਿਕ, ਨੈਤਿਕ ਅਤੇ ਸਮਾਜਿਕ ਕਦਰਾਂ ਕੀਮਤਾਂ ਦਾ ਵਿਕਾਸ ਹੋ ਸਕੇ ।

➤ ਕੋਈ ਵੀ ਫੈਸਲਾ ਲੈਣ ਵੇਲੇ ਵਿਦਿਆਰਥੀਆਂ ਦੀਆਂ ਜਰੂਰਤਾਂ ਨੂੰ ਮੁੱਖ ਰੱਖਦੇ ਹੋਏ ਅਸੀਂ ਇਸ ਦ੍ਰਿਸ਼ਟੀਕੋਣ ਪ੍ਰਤੀ ਵਚਨਵੱਧਤਾ ਦਾ ਪ੍ਰਗਟਾਵਾ ਕਰਦੇ ਹਾਂ

# ਮਿਸ਼ਨ

ਸਾਡਾ ਕਾਲਜ ਵਿਦਿਆਰਥੀਆਂ ਨੂੰ ਵਿਦਿਅਕ ਤਜਰਬਾ ਅਤੇ ਸਹਾਇਕ ਸੇਵਾਵਾਂ ਪ੍ਰਦਾਨ ਕਰਦਾ ਹੈ ਅਤੇ ਉਹਨਾਂ ਦੇ ਮੁਢਲੇ ਗੁਣਾਂ ਨੂੰ ਸਫਲਤਾਪੂਰਵਕ ਪੂਰਤੀ ਵੱਲ ਲੈਕੇ ਜਾਂਦਾ ਹੈ। ਅਸੀਂ ਬੱਚਿਆਂ ਨੂੰ ਆਧੁਨਿਕ ਅਤੇ ਪ੍ਰਭਾਵਸ਼ਾਲੀ ਸਿੱਖਿਆ ਦੇਣ ਦੇ ਨਾਲ ਨਾਲ ਉਹਨਾਂ ਵਿੱਚ ਸੱਭਿਆਚਾਰਕ ਜਾਗਰੂਕਤਾ ਉਤਪੰਨ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਸਾਡਾ ਕਾਲਜ ਵਿਦਿਆਰਥੀਆਂ ਦਾ ਕੈਰੀਅਰ ਬਣਾਉਣ ਲਈ ਯੋਜਨਾਵਾਂ ਘੜਦਾ ਹੈ।

# ਉਦੇਸ਼

➤ ਵਿਦਿਆਰਥੀ ਦੀ ਵਿਅਕਤੀਗਤ ਅਤੇ ਸਮੂਹਿਕ ਗੁਣਾਂ ਨੂੰ ਉਤਸ਼ਾਹਿਤ ਕਰਨ ਲਈ ਸਹਿਯੋਗੀ ਮਾਹੌਲ ਮੁਹੱਈਆ ਕਰਵਾਉਣਾ।

➤ ਭਵਿੱਖ ਵਿਚ ਆਉਣ ਵਾਲੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਆਲੋਚਨਾਤਮਕ ਅਤੇ ਤਰਕਸ਼ੀਲ ਸੋਚ ਪੈਦਾ ਕਰਨਾ।

➤ ਸਿੱਖਣ /ਸਿਖਾਉਣ ਦੇ ਤਜਰਬੇ ਨੂੰ ਵਧਾਉਣ ਲਈ ਤਕਨਾਲੋਜੀ ਨਾਲ ਕਲਾ ਦੇ ਬੁਨਿਆਦੀ ਢਾਂਚੇ ਨੂੰ ਸਿਰਜਣਾ।

➤ ਵਿਦਿਆਰਥੀਆਂ ਨੂੰ ਉਮਰ ਭਰ ਸਿੱਖਣ ਲਈ ਪ੍ਰੇਰਿਤ ਕਰਨਾ।

➤ ਪੁਰਾਣੇ ਗਿਆਨ ਅਤੇ ਵਿਸ਼ਵਾਸ ਨੂੰ ਅਧਾਰ ਬਣਾ ਕੇ ਨਵੇਂ ਗਿਆਨ ਦੀ ਭਾਲ ਅਤੇ ਵਿਕਾਸ ਕਰਨ ਲਈ ਸਚਾਈ ਦੀ ਭਾਵਨਾ ਨਾਲ ਜੋੜਨਾ।

# ਕੁੱਝ ਕਾਲਜ ਬਾਰੇ

ਬਾਬਾ ਪਰਮਾਨੰਦ ਕੰਨਿਆ ਮਹਾਵਿਦਿਆਲਿਆ ਦੀ ਮੈਨੇਜਮੈਂਟ 2001 ਤੋਂ ਵਿਦਿਆਰਥਣਾਂ ਨੂੰ 10+2 ਪੱਧਰ ਤੱਕ ਸਿੱਖਿਆ ਪ੍ਰਦਾਨ ਕਰ ਰਹੀ ਸੀ। 10+2 ਤੋਂ ਬਾਅਦ ਵਿਦਿਆਰਥਣਾਂ ਨੂੰ ਦੂਰ-ਦੁਰਾਡੇ ਦੇ ਕਾਲਜਾਂ ਵਿੱਚ ਪੜ੍ਹਨ ਜਾਣਾ ਪੈਂਦਾ ਸੀ। ਵਿਦਿਆਰਥਣਾਂ ਦੇ ਮਾਤਾ-ਪਿਤਾ ਨੇ ਕਈ ਵਾਰ ਆਪਣੀਆਂ ਇਹਨਾਂ ਮੁਸ਼ਕਿਲਾਂ ਦਾ ਹੱਲ ਕਰਨ ਲਈ ਸਮੂਹ ਮੈਨੇਜਮੈਂਟ ਅੱਗੇ ਬੇਨਤੀ ਕੀਤੀ ਸੀ । ਇਸ ਲਈ ਮੈਨੇਜਮੈਂਟ ਨੇ ਉਹਨਾਂ ਦੀਆਂ ਮੁਸ਼ਕਿਲਾਂ ਅਤੇ ਲੜਕੀਆਂ ਦੀ ਅਗਾਊਂ ਸਿੱਖਿਆ ਲਈ ਕਾਲਜ ਦੀ ਬਿਲਡਿੰਗ ਤਿਆਰ ਕੀਤੀ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਬੀ.ਏ, ਬੀ.ਕਾਮ, ਬੀ.ਸੀ.ਏ, ਪੀ.ਜੀ.ਡੀ.ਸੀ.ਏ, ਦੇ ਕੋਰਸਾਂ ਦੀ ਮਾਨਤਾ ਦੇ ਕੇ ਵਿਦਿਆਰਥਣਾਂ ਨੂੰ ਅਗਲੇਰੀ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਦਿੱਤਾ ਹੈ । ਇਸ ਸੰਸਥਾ ਵਿੱਚ ਆਲੇ-ਦੁਆਲੇ ਦੇ ਲਗਭਗ 40 ਪਿੰਡਾਂ ਦੀਆਂ ਲੜਕੀਆਂ ਵਿੱਦਿਆ ਪ੍ਰਾਪਤ ਕਰ ਰਹੀਆਂ ਹਨ। ਸੰਸਥਾ ਦੇ ਨਤੀਜੇ ਹਰ ਸਾਲ 100% ਆਉਂਦੇ ਹਨ। ਵਿਦਿਆਰਥਣਾਂ ਦੇ ਸਰਵ-ਪੱਖੀ ਵਿਕਾਸ ਨੂੰ ਮੁੱਖ ਰੱਖਦਿਆਂ ਪੜ੍ਹਾਈ ਦੇ ਨਾਲ-ਨਾਲ ਖੇਡਾਂ, ਸੱਭਿਆਚਾਰਕ, ਧਾਰਮਿਕ ਅਤੇ ਸਾਹਿਤਕ ਗਤੀਵਿਧੀਆਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ । ਯੋਗ ਵਿਦਿਆਰਥਣਾਂ ਨੂੰ ਫੀਸ ਵਿੱਚ ਖਾਸ ਛੋਟ ਦਿੱਤੀ ਜਾਂਦੀ ਹੈ । ਪ੍ਰਮਾਤਮਾ ਦੀ ਬਖਸ਼ਿਸ਼ ਸਦਕਾ ਕਾਲਜ ਦਿਨ ਦੁਗਣੀ ਰਾਤ ਚੌਗੁਣੀ ਤਰੱਕੀ ਦੀਆ ਰਾਹਾਂ 'ਤੇ ਚੱਲ ਰਿਹਾ ਹੈ ।



# Bachelor of Computer Applications

## Part - I

**Eligibility :-**

10+2 In any discipline

Subjects :-

**Semester I**

BCA-111 General English

BCA-112 Punjabi Compulsory or Punjabi Compulsory (Mudla Gyan)

BCA-113 Fundamental of Information Technology

BCA-114 Programming Fundamentals using "C"

BCA-115 Software Lab-I (Windows & Office Automation)

BCA-116 Software Lab-II (Based on paper BCA-114
Programming Fundamentals using "C")

**Semester II**

BCA- 121 General English-II

BCA- 122 Punjabi Compulsory (Mudla Gyan)

BCA- 123 Digital Electronics

BCA- 124 Data Structures

BCA- 125 Basic Mathematics

BCA- 126 Software Lab-III (Based on paper BCA-124) Data Structure

BCA- 127 Drug Abuse Problem, Management & Prevention

# Bachelor of Computer Applications

## Part - II

**Eligibility :-**

BCA-I

Subjects :-

**Semester III**

BCA-211 English Communication Skills-I
BCA-213 Discrete Mathematics
BCA-214 Computer System Organizations and Architecture
BCA-215 Object Oriented Programming using C++
BCA-216 Fundamentals of Database Management System
BCA-217 Software Lab-IV (Based on paper BCA-214 : Object Oriented Programming using C++)
BCA-218 Software Lab-V (MS Access Lab based on BCA-215 Fundamentals of Database Management System)

**Semester IV**

BCA- 221 English Communication Skills-II
BCA- 223 Computer Networks
BCA- 224 Management Information Systems
BCA- 225 Computer Oriented Numerical and Statistical Methods
BCA- 226 Relational Database Management Systems with Oracle
BCA- 227 Software Lab-VI (Based on paper BCA-224) Computer Oriented Numerical and Statical Methods)
BCA- 228 Software Lab-VII (Oracle Lab based on paper BCA-225: Database Management Systems with Oracle)

# Bachelor of Computer Applications

## Part - III

**Eligibility :-**

BCA-II

Subjects :-

**Semester V**

BCA-311 English Literary Skills-I

BCA-312 System Analysis and Design

BCA-313 System Software

BCA-314 Java Programming

BCA-315 Web Designing Using HTML and DHTML

BCA-316 Software Lab-IX (Based on Paper BCA-314 Java Programming)

BCA-317 Software Lab X (Based on Paper BCA-315 Web Designing Using HTML& DHTML)

**Semester VI**

BCA-321 English Literary Skills-II

BCA-322 E-Commerce

BCA-323 Operating Systems

BCA-324 Software Engineering

BCA-325 Web Designing using ASP. NET

BCA-326 Software Lab-XI (More on Java Based on BCA-314: Java Programming)

BCA-327 Software Lab-XII (Based on BCA-325: Web Designing using ASP. NET)

# Bachelor of Arts

## Part - I

**Eligibility :-**
10+2 in any Discipline

**Subjects :-**
Besides English (Communication Skill), Punjabi Compulsory (Language Based) / Punjabi history and culture, a student can take up one subject from a group out of following groups of elective subjects :
1. Economics
2. History / Math
3. Political Science
4. Punjabi Literature / English Literature/ Hindi Literature
5. Physical Education
6. Computer Application
7. Sociology

**New Subject Group Combination**
1. Punjabi Compulsory/Punjbai Compulsory (Mudla Gyan)
2. English Compulsory

Student can choose three subjects from the following four groups & maximum one subject from one group.

3. English Lit./ Punjabi Lit./ Hindi Lit.
4. Economics/ Sociology
5. Political Science
6. History/ Math
7. Physical Education/ Computer

Qualifying Exam : Drug Abuse Problem, Management and Prevention in (IInd Sem.)
Qualifying Exam : Environment and Road Safety Awareness in (III Sem.)

# Bachelor of Arts

## Part - II & III

**Eligibility :-**

B.A.-I & B.A.-II

**Subjects :-**

The subject combination will remain same as it was taken in B.A. - I

**Note :**

1. English Literature is not compulsory for those candidates who take the subject of functional English.

2. Candidate can take maximum two elective subjects having practical.

3. Candidate can't opt those subjects that are not available in the college.

4. Candidate Can take those subjects in B.A-I also, that they had not studied in 10+2.

5. A candidate can change his subject up to 15 september. Fee of Rs. 100 will charge for subject change.

# Bachelor of Commerce

## Part - I

**Eligibility :-**

(a) 40% marks in the case of students who have passed 10+2 with commerce group or (b) 45% marks in the aggregate who have passed 10+2 in the humanities group at least two out of commerce / Accounts / Maths / Economics / Management group or 50% marks for the student passed in 10+2 who are not covered in (a) and (b)

**Subjects :-**

**Semester I**

BC-101 Punjabi

BC-101 A Punjabi Compulsory (Elementary Knowledge) -I

(Special Paper in lieu of Punjabi)

BC-102 English (Communication Skills)

BC-103 Financial Accounting-I

BC-104 Business Laws - I

BC-105 Computer Applications in Business

BC-106 Principles of Economics - I

**Semester II**

BC-201 Punjabi

BC-201-A Punjab Compulsory (Elementary Knowledge) -II

(Special Paper in lieu of Punjabi)

BC-202 English (Communication Skills)

BC-203 Financial Accounting -II

BC-204 Business Laws -II

BC-205 Business Mathematics

BC-206 Principles of Economics-II

Qualifying Exam : Drug Abuse Problem, Management and Prevention.

# Bachelor of Commerce

## Part - II

**Eligibility :-**

B. Com-I

**Subjects :-**

**Semester III**

BC-301 Punjabi

BC-301A Punjabi Compulsory (Elementary Knowledge)
(Special Paper in lieu of Punjabi)

BC-302 English (Communication Skills)

BC-302 Principles of Business Management

BC-304 Corporate Accounting-I

BC-305 Income Tax Law-I

BC-306 Business Statistics

Qualifying Exam : Environment and Road Safety Awareness.

**SEMESTER-IV**

BC-401 Punjabi

BC-401A Punjabi Compulsory (Elementary Knowledge)
(Special Paper in lieu of Punjabi)

BC-402 English (Communication Skills)

BC-403 Company Law

BC-404 Corporate Accounting-II

BC-405 Income Tax Law -II

BC-406 Operations Research

# Bachelor of Commerce

## Part - III

**Eligibility :-**

B.Com. - II

**Subjects :-**

**SEMESTER-V**

BC-501 Punjabi Compulsory
BC-501 A Punjabi Compulsory (Elementary Knowledge)
(Special Paper in lieu of Punjabi)
BC-502 Management Accounting-I
BC-503 Cost Accounting-I
BC-504 Indirect Taxes
BC-505 Auditing

**Any One Paper (From BC 506 - BC 509) of the following four streams ( I to IV)**

**Stream-I Finance** : BC-506 Corporate Finance
**Stream-II Marketing** : BC-507 Principles of Marketing
**Stream-III Banking & Insurance** : BC-508 Money & Banking
**Stream-IV E-Commerce** : BC-509 Essentials of E-Commerce

**Note :** A student opting a particular stream from the above four streams (I to IV) in Semester- V, will have to continue with the same stream in Semester-VI of the course.

**SEMESTER-VI**

BC-601 Punjabi Compulsory
BC-601 A Punjabi Compulsory (Elementary Knowledge)
BC-602 Management Accounting-II
BC-603 Cost Accounting-II
BC-604 Business Environment
BC-605 Entrepreneurship & Governance\
BC-606 E-Commerce

# Post Graduate Diploma in Computer Applications

**Eligibility :-**

Graduation in any discipline

**Subjects :-**

**Semester I**

PGDCA-101 Fundamentals of Information Technology

PGDCA-102 Operating System

PGDCA-103 Problem solving using "C"

PGDCA-104 Software Lab-I Office Automation and productivity Tools

PGDCA-105 Software Lab-II Programming Fundamentals through "C" Language

**Semester II**

PGDCA-201 Database Management System

PGDCA-202 Introduction to computer Network, Internet & E-Commerce

PGDCA-203 Object Oriented Programming using C++

PGDCA-204 Software Lab-III (Web Designing, HTML & RDBMS)

PGDCA-205 Software Lab-IV C++ Programming

# ਵਿਸ਼ੇਸ਼ਤਾਵਾਂ

## ਕਾਲਜ ਮੈਗਜ਼ੀਨ :

ਕਾਲਜ ਮੈਗਜ਼ੀਨ 'ਨਵੀਂ ਉਮੰਗ' ਵਿਦਿਆਰਥੀਆਂ ਦੇ ਸਵੈ-ਪ੍ਰਗਟਾਵੇ ਅਤੇ ਸਾਹਿਤਕ ਰੁਚੀਆਂ ਦਾ ਇੱਕ ਉਸਾਰੂ ਮਾਧਿਅਮ ਹੈ, ਜੋ ਸਾਲ ਵਿੱਚ ਇੱਕ ਵਾਰ ਛਪੇਗਾ । ਇਸ ਵਿੱਚ ਅੰਗ੍ਰੇਜੀ, ਪੰਜਾਬੀ, ਹਿੰਦੀ, ਕਾਮਰਸ, ਕੰਪਿਊਟਰ ਅਤੇ ਸਰੀਰਕ ਸਿੱਖਿਆ ਦੇ ਵਿਭਾਗ ਹਨ ।

## ਖੇਡ ਸਹੂਲਤਾਂ :

ਕਾਲਜ ਵਿੱਚ ਪੜ੍ਹਾਈ ਤੇ ਵਾਧੂ ਗਤੀਵਿਧੀਆਂ ਤੋਂ ਇਲਾਵਾ ਖੇਡਾਂ ਲਈ ਵੀ ਉੱਚਤਮ ਪ੍ਰਬੰਧ ਹੈ। ਕਾਲਜ ਦੇ ਖਿਡਾਰੀਆਂ ਲਈ ਖੋ-ਖੋ,ਰੱਸਾ-ਕਸੀ, ਯੋਗਾ, ਕਬੱਡੀ ਆਦਿ ਖੇਡਾਂ ਤੋਂ ਇਲਾਵਾ 200 ਮੀਟਰ ਟਰੈਕ, ਅਥਲੈਟਿਕਸ ਅਤੇ ਜਿੰਮ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ। ਖਿਡਾਰੀਆਂ ਨੂੰ ਹੋਰ ਵੀ ਉੱਚ ਪੱਧਰੀ ਸਹੂਲਤਾਂ ਦਿੱਤੀਆਂ ਜਾਣਗੀਆਂ, ਵੱਖ-ਵੱਖ ਖੇਡਾਂ ਦੇ ਯੋਗ ਤੇ ਤਜ਼ਰਬੇਕਾਰ ਕੋਚਾਂ ਦਾ ਖਾਸ ਪ੍ਰਬੰਧ ਹੈ। ਤਾਂ ਜੋ ਖਿਡਾਰੀਆਂ ਦਾ ਸਰਵਪੱਖੀ ਵਿਕਾਸ ਹੋ ਸਕੇ। ਉੱਚ ਕੋਟੀ ਦੇ ਖਿਡਾਰੀਆਂ ਨੂੰ ਫੀਸ ਵਿੱਚ ਛੋਟ ਦਿੱਤੀ ਜਾਂਦੀ ਹੈ।

## ਕਾਲਜ ਦੀ ਲਾਇਬ੍ਰੇਰੀ :

10000 ਤੋਂ ਵੀ ਵੱਧ ਕੀਮਤੀ ਕਿਤਾਬਾਂ ਵਾਲੀ, ਕੌਮੀ ਅਤੇ ਕੌਮਾਂਤਰੀ ਪੱਧਰ ਦੇ ਰਸਾਲਿਆਂ ਅਤੇ ਜਨਰਲਜ਼ ਵਾਲੀ ਅਤੇ ਕੌਮੀ ਪੱਧਰ ਦੇ ਅਖਬਾਰਾਂ ਵਾਲੀ ਲਾਇਬ੍ਰੇਰੀ । ਲਾਇਬ੍ਰੇਰੀ ਵਿੱਚ ਇੱਕ ਵਿਸ਼ੇ ਤੇ ਕਈ ਲੇਖਕਾਂ ਦੀਆਂ ਕਿਤਾਬਾਂ ਮਿਲਦੀਆਂ ਹਨ ਜਿਸ ਦੀ ਮਦਦ ਨਾਲ ਵਿਦਿਆਰਥੀ ਇਮਤਿਹਾਨ ਵਿੱਚ ਉੱਚੀਆਂ ਪ੍ਰਾਪਤੀਆਂ ਕਰਨਗੇ । ਜ਼ੀਰੋਕਸ (ਫੋਟੋ ਸਟੇਟ) ਦੀ ਸਹੂਲਤ ਵੀ ਉਪਲੱਬਧ ਹੈ । ਇਸ ਲਾਇਬ੍ਰੇਰੀ ਵਿੱਚ ਅਖ਼ਬਾਰਾਂ ਅਤੇ ਰਸਾਲਿਆਂ ਦਾ ਪੁਰਾਣਾ ਰਿਕਾਰਡ ਰੱਖਿਆ ਜਾਂਦਾ ਹੈ, ਜਿਸਦੀ ਪਾਠਕ ਖ਼ੂਬ ਵਰਤੋਂ ਕਰਦੇ ਹਨ । ਲਾਇਬ੍ਰੇਰੀ ਵਿੱਚ ਵਿਦਿਆਰਥੀਆਂ ਦੇ ਜੀਵਨ ਦੇ ਸਭ ਤੋਂ ਭਖਵੇਂ ਮਸਲੇ ਕੈਰੀਅਰ ਸਬੰਧੀ ਬਹੁਤ ਕਿਤਾਬਾਂ ਅਤੇ ਰਸਾਲੇ ਮੰਗਵਾਏ ਜਾਂਦੇ ਹਨ। ਇਸ ਤੋਂ ਇਲਾਵਾ ਆਮ ਵਾਕਫ਼ੀਅਤ ਦੀਆਂ ਕਿਤਾਬਾਂ, ਅਖ਼ਬਾਰਾਂ ਅਤੇ ਰਸਾਲੇ ਪੜ੍ਹਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ ਜੋ ਉਸਾਰੂ ਸਖ਼ਸ਼ੀਅਤ ਸਿਰਜਣ ਵਿੱਚ ਅਹਿਮ ਯੋਗਦਾਨ ਪਾਉਂਦੇ ਹਨ ।

## ਲਾਇਬ੍ਰੇਰੀ ਨਿਯਮ :

1. ਜੇਕਰ ਕੋਈ ਵੀ ਵਿਦਿਆਰਥੀ ਕੋਈ ਵੀ ਕਿਤਾਬ ਲਾਇਬ੍ਰੇਰੀ ਵਿੱਚੋਂ ਇਸ਼ੂ ਕਰਵਾਉਂਦਾ ਹੈ ਤਾਂ ਉਹ ਕਿਤਾਬ 15 ਦਿਨ ਲਈ ਹੋਵੇਗੀ। 15 ਦਿਨਾਂ ਤੋਂ ਬਾਅਦ ਰੀ-ਇਸ਼ੂ ਕਰਵਾਉਣੀ ਜ਼ਰੂਰੀ ਹੈ।ਜੇਕਰ ਰੀ-ਇਸ਼ੂ ਨਹੀਂ ਕਰਵਾਈ ਜਾਵੇਗੀ ਤਾਂ ਇੱਕ ਕਿਤਾਬ ਤੇ 10 ਰੁਪਏ ਪ੍ਰਤੀ ਦਿਨ ਜੁਰਮਾਨਾ ਹੋਵੇਗਾ।
2. ਜੇਕਰ ਕਿਸੇ ਵਿਦਿਆਰਥੀ ਕੋਲੋਂ ਲਾਇਬ੍ਰੇਰੀ ਦੀ ਕਿਤਾਬ ਗੁਆਚ ਜਾਵੇ ਤਾਂ ਉਸਦੀ ਪੂਰੀ ਕੀਮਤ ਵਿਦਿਆਰਥੀ ਤੋਂ ਵਸੂਲ ਕੀਤੀ ਜਾਵੇਗੀ।
3. ਜੇਕਰ ਕਿਸੇ ਬੱਚੇ ਕੋਲੋਂ ਕੋਈ ਵੀ ਕਿਤਾਬ ਪਾਠ-ਪੁਸਤਕ ਫਟ ਜਾਵੇ ਤਾਂ ਉਸ ਦੀ ਅੱਧੀ ਕੀਮਤ ਬੱਚੇ ਤੋਂ ਵਸੂਲ ਕੀਤੀ ਜਾਵੇਗੀ ।
4. ਗਰਮੀ ਦੀਆਂ ਛੁੱਟੀਆਂ ਲਈ ਜਿਹੜੀ ਕਿਤਾਬ ਇਸ਼ੂ ਹੋਵੇਗੀ,ਉਹ ਕਿਤਾਬ ਛੁੱਟੀਆਂ ਤੋਂ ਬਾਅਦ ਤਿੰਨ ਦਿਨਾਂ ਤੱਕ ਵਾਪਸ ਹੋਣੀ ਜ਼ਰੂਰੀ ਹੈ।
5. ਲਾਇਬਰੇਰੀ ਵਿੱਚ ਆਪਸ ਵਿੱਚ ਗੱਲਾਂ ਕਰਨਾ ਸਖਤ ਮਨ੍ਹਾਂ ਹੈ।
6. ਲਾਇਬਰੇਰੀ ਵਿੱਚ ਸਫਾਈ ਅਤੇ ਫਰਨੀਚਰ ਦਾ ਪੂਰਾ ਧਿਆਨ ਰੱਖਿਆ ਜਾਵੇ।
7. ਲਾਇਬਰੇਰੀ ਵਿੱਚ ਪੂਰਾ ਅਨੁਸ਼ਾਸਨ ਬਣਾ ਕੇ ਰੱਖਿਆ ਜਾਵੇ।

## ਦਾਖ਼ਲੇ ਦੇ ਨਿਯਮ :

1) ਦਾਖ਼ਲਾ ਲੈਣ ਵਾਲੇ ਵਿਦਿਆਰਥੀ ਪ੍ਰਾਸਪੈਕਟਸ ਦਾਖ਼ਲਾ ਫ਼ਾਰਮ ਸਮੇਤ ਦਫ਼ਤਰ ਵਿੱਚੋਂ ਪ੍ਰਾਪਤ ਕਰ ਸਕਦੇ ਹਨ ।

2) ਦਾਖ਼ਲਾ ਲੈਣ ਵਾਲੇ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪਿਆਂ ਲਈ ਸਾਰੇ ਪ੍ਰਾਸਪੈਕਟਸ ਨੂੰ ਪੜ੍ਹਨਾ ਅਤੇ ਸਮਝਣਾ ਜਰੂਰੀ ਹੈ । ਕਿਸੇ ਨਿਯਮ ਸਬੰਧੀ ਅਗਿਆਨਤਾ ਕੋਈ ਬਹਾਨਾ ਨਹੀਂ ਮੰਨਿਆ ਜਾਵੇਗਾ ।

3) ਦਾਖ਼ਲੇ ਪੰਜਾਬੀ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਕੀਤੇ ਜਾਣਗੇ ।

4) ਦਾਖ਼ਲਾ ਫ਼ਾਰਮ ਪੂਰੀ ਤਰ੍ਹਾਂ ਮੁਕੰਮਲ ਅਤੇ ਸਾਫ਼-ਸਾਫ਼ ਭਰਿਆ ਹੋਣਾ ਚਾਹੀਦਾ ਹੈ ਅਤੇ ਹੇਠ ਲਿਖੀਆਂ ਪ੍ਰਮਾਣ-ਪੱਤਰ ਦੀਆਂ ਤਸਦੀਕ ਸ਼ੁਦਾ ਕਾਪੀਆਂ ਨਾਲ ਨੱਥੀ ਕੀਤੀਆਂ ਜਾਣੀਆਂ ਜ਼ਰੂਰੀ ਹਨ :-

   ੳ) ਪਿਛਲਾ ਇਮਤਿਹਾਨ ਪਾਸ ਕਰਨ ਦਾ ਯੂਨੀਵਰਸਿਟੀ / ਬੋਰਡ ਦਾ ਪ੍ਰਮਾਣ-ਪੱਤਰ (ਜੇ ਨਹੀਂ ਆਇਆ ਹੋਵੇ ਤਾਂ ਪ੍ਰੋਵੀਜ਼ਨਲ ਸਰਟੀਫਿਕੇਟ ਦੀ ਕਾਪੀ ਨੱਥੀ ਕੀਤੀ ਜਾਵੇ)

   ਅ) ਜਨਮ ਮਿਤੀ ਦਾ ਸਰਟੀਫਿਕੇਟ ਜਾਂ ਮੈਟ੍ਰਿਕ ਦਾ ਸਰਟੀਫਿਕੇਟ ।

   ੲ) ਰਿਹਾਇਸ਼ ਦਾ ਸਬੂਤ / ਆਧਾਰ ਕਾਰਡ ਦੀ ਫੋਟੋ ਕਾਪੀ ।

   ਸ) ਪਿਛਲੀ ਸੰਸਥਾ ਤੋਂ ਚਰਿੱਤਰ ਸਰਟੀਫਿਕੇਟ ।

   ਹ) ਗੈਪ ਸਾਲਾਂ ਸਬੰਧੀ ਲਿਖਤੀ ਵੇਰਵਾ ਦਾਖ਼ਲਾ ਫ਼ਾਰਮ ਵਿੱਚ ਸਪੱਸ਼ਟ ਕੀਤਾ ਜਾਵੇ ।

   ਕ) ਦੋ ਪਾਸਪੋਰਟ ਸਾਈਜ਼ ਦੀਆਂ ਨਵੀਆਂ ਫੋਟੋਆਂ ।

   ਖ) ਮਾਈਗ੍ਰੇਸ਼ਨ ਸਰਟੀਫਿਕੇਟ

   ਗ) ਅਨੁਸੂਚਿਤ ਜਾਤੀਆਂ / ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਜਾਤ ਸਬੰਧੀ ਪ੍ਰਮਾਣ-ਪੱਤਰ

5) ਦਾਖ਼ਲਾ ਲੈਣ ਤੋਂ ਬਾਅਦ ਕਾਲਜ ਛੱਡਣ ਦੀ ਸੂਰਤ ਵਿੱਚ ਫ਼ੀਸਾਂ ਅਤੇ ਫੰਡ ਵਾਪਸ ਨਹੀਂ ਕੀਤੇ ਜਾਣਗੇ ।

6) ਕਾਲਜ ਦੇ ਅਨੁਸ਼ਾਸ਼ਨ ਅਤੇ ਨਿਯਮ ਨੂੰ ਭੰਗ ਕਰਨ ਵਾਲੇ ਵਿਦਿਆਰਥੀਆਂ ਦਾ ਦਾਖ਼ਲਾ ਰੱਦ ਕੀਤਾ ਜਾ ਸਕਦਾ ਹੈ ।

7) ਦਾਖ਼ਲਾ ਲੈਣ ਦੀ ਆਖ਼ਰੀ ਮਿਤੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਨਿਰਧਾਰਤ ਕੀਤੀ ਜਾਂਦੀ ਹੈ । ਕਾਲਜ ਯੂਨੀਵਰਸਿਟੀ ਵੱਲੋਂ ਭੇਜੀ ਗਈ ਸੂਚੀ ਦੇ ਅਨੁਸਾਰ ਹੀ ਦਾਖ਼ਲਾ ਕਰਦਾ ਹੈ ਤੇ ਯੂਨੀਵਰਸਿਟੀ ਵੱਲੋਂ ਨਿਰਧਾਰਤ ਲੇਟ ਫ਼ੀਸ ਲਾਗੂ ਹੁੰਦੀ ਹੈ ।

**ਵਿਸ਼ਾ ਬਦਲੀ :**

1) ਵਿਦਿਆਰਥੀਆਂ ਨੂੰ ਹਦਾਇਤ ਹੈ ਕਿ ਉਹ ਆਪਣੇ ਵਿਸ਼ੇ ਪਹਿਲਾਂ ਹੀ ਸੋਚ ਕੇ ਰੱਖਣ ।

2) ਵਿਸ਼ਾ ਬਦਲਣ ਦੇ ਚਾਹਵਾਨ ਵਿਦਿਆਰਥੀ ਪ੍ਰਿੰਸੀਪਲ ਦੀ ਆਗਿਆ ਅਤੇ ਸਬੰਧਤ ਅਧਿਆਪਕ ਦੀ ਸਹਿਮਤੀ ਨਾਲ ਜਮਾਤਾਂ ਸ਼ੁਰੂ ਹੋਣ ਤੋਂ ਇੱਕ ਹਫ਼ਤੇ ਅੰਦਰ ਦਫ਼ਤਰ ਵਿੱਚੋਂ ਉਪਲੱਬਧ ਫਾਰਮ ਭਰ ਕੇ ਅਤੇ 100/- ਰੁਪਏ ਫ਼ੀਸ ਭਰ ਕੇ ਵਿਸ਼ਾ ਬਦਲ ਸਕਦੇ ਹਨ ।

3) ਟਾਇਮ ਟੇਬਲ ਵਿੱਚ ਟਕਰਾਓ ਪੈਦਾ ਹੋਣ ਦੀ ਸੂਰਤ ਵਿੱਚ ਵਿਦਿਆਰਥੀ ਨੂੰ ਆਪਣਾ ਵਿਸ਼ਾ ਬਦਲਣਾ ਪਵੇਗਾ ਪਰ ਉਸ ਦੀ ਕੋਈ ਫ਼ੀਸ ਨਹੀਂ ਹੋਵੇਗੀ ।

**ਫ਼ੀਸ ਮੁਆਫ਼ੀ**

1) ਵਿਦਿਆਰਥੀ ਨੂੰ ਫ਼ੀਸ ਦੀ ਰਿਆਇਤ ਯੋਗਤਾ ਅਤੇ ਆਮਦਨ ਦੇ ਅਧਾਰ ਤੇ ਦਿੱਤੀ ਜਾਵੇਗੀ। ਫ਼ੀਸ ਮੁਆਫ਼ੀ ਲਈ ਵਿਦਿਆਰਥੀ ਦਾ ਵਿਦਿਅਕ ਪੱਧਰ ਉੱਚਾ ਹੋਣਾ ਚਾਹੀਦਾ ਹੈ।

2) ਇਸ ਸਬੰਧ ਵਿੱਚ ਅਰਜੀ ਨਿਰਧਾਰਿਤ ਫ਼ਾਰਮ ਉੱਤੇ, ਜੋ ਕਿ ਕਾਲਜ ਦਫ਼ਤਰ ਵਿੱਚੋਂ ਪ੍ਰਾਪਤ ਕੀਤਾ ਜਾ ਸਕਦਾ ਹੈ, ਦੇਣੀ ਚਾਹੀਦੀ ਹੈ। ਇਸ ਫ਼ਾਰਮ ਉੱਤੇ ਪਿਤਾ ਜਾ ਸਰਪ੍ਰਸਤ ਦੇ ਪੂਰੇ ਹਸਤਾਖ਼ਰ ਕੀਤੇ ਹੋਣੇ ਚਾਹੀਦੇ ਹਨ ਅਤੇ ਗਰੁੱਪ ਟਿਊਟਰ ਦੀ ਸਿਫ਼ਾਰਸ਼ ਹੋਣੀ ਵੀ ਜ਼ਰੂਰੀ ਹੈ।

3) ਫ਼ੀਸ ਕੇਵਲ ਉਸ ਹਾਲਤ ਵਿੱਚ ਮੁਆਫ਼ ਰਹਿ ਸਕਦੀ ਹੈ ਜੇਕਰ ਵਿਦਿਆਰਥੀ ਕਲਾਸਾਂ ਵਿੱਚ ਹਾਜ਼ਰ ਰਹਿੰਦਾ ਹੈ ਅਤੇ ਪੜ੍ਹਾਈ ਵਿੱਚ ਸੰਤੋਖਜਨਕ ਪ੍ਰਗਤੀ ਦਿਖਾਉਂਦਾ ਹੈ ਅਤੇ ਕਾਲਜ ਦੀਆਂ ਪ੍ਰੀਖਿਆਵਾਂ ਵਿੱਚ ਚੰਗੇ ਨੰਬਰ ਪ੍ਰਾਪਤ ਕਰਦਾ ਹੈ ।

4) ਘਰੇਲੂ ਪ੍ਰੀਖਿਆ ਵਿੱਚ ਫੇਲ੍ਹ ਹੋਣ ਜਾਂ ਕਾਲਜ ਦਾ ਅਨੁਸ਼ਾਸ਼ਨ ਭੰਗ ਕਰਨ ਦੀ ਸੂਰਤ ਵਿੱਚ ਫ਼ੀਸ ਮੁਆਫ਼ੀ ਵਾਪਿਸ ਲਈ ਜਾ ਸਕਦੀ ਹੈ।

5) ਕਾਲਜ ਪ੍ਰਬੰਧਕ ਕਮੇਟੀ ਵੱਲੋਂ ਹੇਠ ਲਿਖੇ ਵਿਦਿਆਰਥੀਆਂ ਨੂੰ ਫ਼ੀਸ ਵਿੱਚੋਂ ਰਿਆਇਤ ਕੀਤੀ ਜਾਵੇਗੀ

(ੳ) ਯਤੀਮ ਵਿਦਿਆਰਥੀਆਂ ਨੂੰ ਫੀਸ ਵਿੱਚ ਛੋਟ।

(ਅ) ਅੰਗਹੀਣ ਵਿਦਿਆਰਥੀ

(ੲ) ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀ ਜਿੰਨ੍ਹਾਂ ਦੀ ਸਲਾਨਾ ਆਮਦਨ ਇੱਕ ਲੱਖ ਤੋਂ ਘੱਟ ਹੈ।

(ਸ) ਖਿਡਾਰੀਆਂ ਦੀ ਮੈਰਿਟ ਅਨੁਸਾਰ ਫੀਸ ਵਿੱਚ ਛੋਟ।

(ਹ) ਦੋ ਸਕੀਆਂ ਭੈਣਾਂ ਵਿਚੋਂ ਇੱਕ ਨੂੰ ਫੀਸ ਵਿੱਚ ਛੋਟ।

**(ਕ) ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨ/ਮਜ਼ਦੂਰਾਂ ਦੇ ਬੱਚਿਆਂ ਦੀ ਪੂਰੀ ਕਾਲਜ ਫੀਸ ਮੁਆਫ ।**

**ਨੋਟ : ਉਪਰੋਕਤ ਦੇ ਸੰਬੰਧ ਵਿੱਚ ਮੈਨੇਜਮੈਂਟ ਫੀਸ ਵਿੱਚ ਛੋਟ ਦੇਣ ਦਾ ਫੈਸਲਾ ਕਰੇਗੀ।**

## ਗੈਰ ਹਾਜ਼ਰੀ ਜੁਰਮਾਨੇ

1. **ਗੈਰ-ਹਾਜ਼ਰੀ ਜੁਰਮਾਨਾ 10 ਰੁ: ਪ੍ਰਤੀ ਦਿਨ**
2. **ਇੱਕ ਪੀਰੀਅਡ ਦੀ ਗੈਰ ਹਾਜ਼ਰੀ ਦਾ ਜੁਰਮਾਨਾ 5 ਰੁ:**
3. **ਟਿਊਟੋਰੀਅਲ ਦੇ ਗਰੁੱਪ ਦੇ ਪੀਰੀਅਡ ਵਿੱਚ ਗੈਰ ਹਾਜ਼ਰੀ ਦਾ ਜੁਰਮਾਨਾ 10 ਰੁ:**
4. **ਘਰੇਲੂ ਪ੍ਰੀਖਿਆ ਵਿੱਚ ਗੈਰ ਹਾਜ਼ਰੀ ਦਾ ਜੁਰਮਾਨਾ 100/- ਪ੍ਰਤੀ ਪੇਪਰ**
5. **ਕਾਲਜ ਸਮਾਗਮਾਂ ਵਿੱਚ ਗੈਰ ਹਾਜ਼ਰੀ ਦਾ ਜੁਰਮਾਨਾ 100/- ਪ੍ਰਤੀ ਸਮਾਗਮ**

## ਟਿਊਟੋਰੀਅਲ ਗੁਰੱਪ

ਵਿਦਿਆਰਥੀ ਦੇ ਬਹੁ-ਪੱਖੀ ਵਿਕਾਸ ਅਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚਕਾਰ ਉਚਿੱਤ ਤਾਲਮੇਲ ਪੈਦਾ ਕਰਨ ਦੇ ਮੰਤਵ ਲਈ ਵਿਦਿਅਕ ਸ਼ੈਸ਼ਨ ਦੇ ਸ਼ੁਰੂ ਵਿੱਚ ਹਰ ਵਿੱਦਿਆਰਥੀ ਨੂੰ ਇੱਕ ਟਿਊਟੋਰੀਅਲ ਗੁਰੱਪ ਅਲਾਟ ਕੀਤਾ ਜਾਂਦਾ ਹੈ, ਟਿਊਟਰ ਆਪਣੇ ਅਧੀਨ ਆਉਂਦੇ ਵਿੱਦਿਆਰਥੀਆਂ ਦੀ ਪੜ੍ਹਾਈ, ਵਿਵਹਾਰ ਅਤੇ ਆਚਰਨ ਦਾ ਨਿਗਰਾਨ ਹੁੰਦਾ ਹੈ, ਕਿਸੇ ਵੀ ਔਕੜ ਜਾਂ ਛੁੱਟੀ ਆਦਿ ਦੀ ਮੰਨਜ਼ੂਰੀ ਲਈ ਵਿਦਿਆਰਥੀ ਨੂੰ ਆਪਣੇ ਟਿਊਟਰ ਦੀ ਸਹਾਇਤਾ/ ਅਗਵਾਈ ਅਤੇ ਸਲਾਹ ਦਾ ਲਾਭ ਉਠਾਉਣਾ ਚਾਹੀਦਾ ਹੈ, ਆਪਣੇ ਟਿਊਟਰ ਤੋਂ ਇਲਾਵਾ ਵਿਦਿਆਰਥੀ ਸੀਨੀਅਰ ਟਿਊਟਰ ਤੋਂ ਵੀ ਅਗਵਾਈ ਤੇ ਸਹਾਇਤਾ ਪ੍ਰਾਪਤ ਕਰ ਸਕਦਾ ਹੈ, ਟਿਊਟੋਰੀਅਲ ਪੀਰੀਅਡ ਵਿੱਚ ਵਿਦਿਆਰਥੀ ਵਿੱਦਿਅਕ ਮਾਮਲਿਆਂ 'ਤੇ ਵਿਚਾਰ ਸਾਂਝੇ ਕਰਨਗੇ। ਤਹਿਜ਼ੀਬ ਵਾਲੇ ਗੀਤ ਵੀ ਇਸ ਪੀਰੀਅਡ ਵਿੱਚ ਗਾਏ ਜਾ ਸਕਦੇ ਹਨ। ਟਿਊਟੋਰੀਅਲ ਗਰੁੱਪ ਦਾ ਪੀਰੀਅਡ ਨਾ ਲਾਉਣ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ ਜੁਰਮਾਨਾ ਹੁੰਦਾ ਹੈ।

## ਘਰੇਲੂ ਪ੍ਰੀਖਿਆਵਾਂ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀਆਂ ਹਦਾਇਤਾਂ ਅਨੁਸਾਰ ਹਰੇਕ ਸਮੈਸਟਰ ਦੇ ਦੌਰਾਨ ਘਰੇਲੂ ਪ੍ਰੀਖਿਆ ਦੀ ਪ੍ਰਵੇਸ਼ ਯੋਗਤਾ ਦਾ ਅਧਾਰ ਬਣਦਾ ਹੈ। ਪ੍ਰੀਖਿਆ ਵਿਚੋਂ ਛੋਟ ਲੈਣ ਲਈ ਪ੍ਰਿੰਸੀਪਲ ਤੋਂ ਅਗੇਤਰੀ ਲਿਖਤੀ ਮਨਜ਼ੂਰੀ ਲੈਣੀ ਜਰੂਰੀ ਹੈ। ਪ੍ਰੀਖਿਆ ਉਪਰੰਤ ਅਜਿਹੀ ਕਿਸੇ ਬੇਨਤੀ ਉੱਪਰ ਗੌਰ ਨਹੀਂ ਕੀਤੀ ਜਾਵੇਗੀ।

# ਵਿਦਿਆਰਥੀਆਂ ਅਤੇ ਮਾਪਿਆਂ ਦੇ ਧਿਆਨ ਰੱਖਣ ਯੋਗ ਜਾਣਕਾਰੀ।

1. ਮਾਤਾ ਪਿਤਾ/ਸਰਪ੍ਰਸ਼ਤ ਲਈ ਜ਼ਰੂਰੀ ਹੈ ਕਿ ਉਹ ਸਮੇਂ-ਸਮੇਂ ਸਿਰ ਅਧਿਆਪਕਾਂ ਤੋਂ ਆਪਣੇ ਬੱਚੇ ਦੀ ਹਾਜਰੀ ਅਨੁਸ਼ਾਸਨ ਅਤੇ ਘਰੇਲੂ ਪ੍ਰੀਖਿਆਂ ਬਾਰੇ ਜਾਣਕਾਰੀ ਲੈਂਦੇ ਰਹਿਣ।
2. ਕਾਲਜ ਵਿੱਚ ਅਨੁਸ਼ਾਸਨ ਭੰਗ ਕਰਨ ਵਾਲੇ ਵਿਦਿਆਰਥੀ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।
3. ਵਿਦਿਆਰਥੀ ਨੋਟਿਸ ਬੋਰਡ ਉੱਤੇ ਲੱਗੇ ਨੋਟਿਸ ਜ਼ਰੂਰ ਪੜਨ ਕਿਉਕਿ ਨੋਟਿਸ ਨਾ ਪੜ੍ਹਨ ਦੀ ਸੂਰਤ ਵਿੱਚ ਸੂਚਨਾ ਤੋਂ ਵਾਂਝੇ ਰਹਿਣ ਦੀ ਜਿੰਮੇਵਾਰੀ ਵਿਦਿਆਰਥੀ ਦੀ ਹੋਵੇਗੀ।
4. ਕਾਲਜ ਵਿੱਚ ਫਰਨੀਚਰ, ਇਮਾਰਤ, ਲਾਅਨਜ ਆਦਿ ਨੂੰ ਕਿਸੇ ਵੀ ਕਿਸਮ ਦਾ ਨੁਕਸਾਨ ਪਹੁੰਚਾਉਣਾ ਸਖਤ ਮਨਾਂ ਹੈ।
5. ਖਾਲੀ ਪੀਰੀਅਡ ਦੇ ਸਮੇਂ ਵਿਦਿਆਰਥੀ ਲਾਇਬਰੇਰੀ ਰੀਡਿੰਗ ਰੂਮ ਵਿੱਚ ਬੈਠ ਕੇ ਕਿਤਾਬਾਂ ਦਾ ਲਾਭ ਉਠਾ ਸਕਦੇ ਹਨ।
6. ਕਾਲਜ ਵਿੱਚ ਕਿਸੇ ਵੀ ਕਿਸਮ ਦੀ ਰੈਗਿੰਗ ਕਰਨ ਦੀ ਸਖਤ ਮਨਾਹੀ ਹੈ ਗਲਤੀ ਕਰਨ ਵਾਲੇ ਵਿਦਿਆਰਥੀ ਦਾ ਨਾਮ ਕਾਲਜ ਵਿੱਚੋ ਕੱਟ ਕੇ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

**ਧਾਰਮਿਕ ਗਤੀਵਿਧੀਆਂ :**

ਕਾਲਜ ਵਿੱਚ ਸਮੇਂ ਸਮੇਂ ਤੇ ਧਾਰਮਿਕ ਸਮਾਗਮ ਕਰਵਾਏ ਜਾਂਦੇ ਹਨ। ਨਵੇਂ ਸੈਸ਼ਨ ਦੀ ਸ਼ੁਰੂਅਤ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਨਾਲ ਕੀਤੀ ਜਾਂਦੀ ਹੈ। ਕਾਲਜ ਮੈਨੇਜਰ ਬਾਬਾ ਪ੍ਰੀਤਮ ਦਾਸ ਜੀ ਵੱਲੋਂ ਸਮੇਂ ਤੇ ਵਿਦਿਆਰਥੀਆਂ ਦੁਆਰਾ ਪਾਠ ਕਰਵਾਏ ਜਾਂਦੇ ਹਨ ਅਤੇ ਉਨ੍ਹਾਂ ਲਈ ਲੰਗਰ ਵੀ ਚਲਾਇਆ ਜਾਂਦਾ ਹੈ।

**ਰੈਡ ਰੀਬਨ ਕਲੱਬ (ਯੂਥ ਵੈਲਫੇਅਰ ਵਿਭਾਗ ਸੰਗਰੂਰ ਦੀ ਸਰਪ੍ਰਸਤੀ ਹੇਠ)**

ਕਾਲਜ ਵਿੱਚ ਰੈਡ ਰਿਬਨ ਕਲੱਬ ਵੀ ਬਣਾਇਆ ਗਿਆ ਹੈ। ਸਮੇਂ-ਸਮੇਂ 'ਤੇ ਸੈਮੀਨਾਰ, ਲੈਕਚਰ ਅਤੇ ਡਰਾਇੰਗ, ਪੇਂਟਿੰਗ ਮੁਕਾਬਲੇ ਵੀ ਕਰਵਾਏ ਜਾਂਦੇ ਹਨ। ਸਮਾਜਿਕ ਕੁਰੀਤੀਆਂ ਵਿਰੁੱਧ ਸਮੇਂ-ਸਮੇਂ ਤੇ ਰੈਲੀਆਂ ਕੱਢੀਆਂ ਜਾਦੀਆਂ ਹਨ।

**ਗਾਇਡੈਂਸ ਅਤੇ ਕਾਉਸਿਲਿੰਗ ਸੈੱਲ :**

ਕਾਲਜ ਵਿੱਚ ਗਾਈਡੈਂਸ ਅਤੇ ਕਾਉਸਿਲਿੰਗ ਸੈੱਲ ਬਣਾਇਆ ਗਿਆ ਹੈ ਜਿਸ ਵਿੱਚ ਵਿਦਿਆਰਥਣਾਂ ਨੂੰ ਵੱਖ-ਵੱਖ ਕੋਰਸਾਂ ਅਤੇ ਕਿੱਤਿਆ ਸਬੰਧੀ ਉਚਿਤ ਜਾਣਕਾਰੀ ਮੁਹੱਈਆਂ ਕਰਵਾਈ ਜਾਂਦੀ ਹੈ, ਤਾਂ ਜੋ ਵਿਦਿਆਰਥਣਾਂ ਆਪਣੀ ਰੁਚੀ ਅਨੁਸਾਰ ਕਿੱਤਿਆਂ ਦੀ ਚੋਣ ਕਰ ਸਕਣ।

**ਯੁਵਕ ਭਲਾਈ ਵਿਭਾਗ :**

ਕਾਲਜ ਵਿੱਚ ਸਮੇਂ-ਸਮੇਂ ਤੇ ਸੱਭਿਆਚਾਰਕ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਕਰਵਾਏ ਜਾਂਦੇ ਯੁਵਕ ਮੇਲੇ ਵਿੱਚ ਵਿਦਿਆਰਥਣਾਂ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲੈਂਦੀਆਂ ਹਨ। ਵੱਖ-ਵੱਖ ਆਈਟਮਾਂ ਦੀ ਤਿਆਰੀ ਲਈ ਕੋਚ ਦਾ ਪ੍ਰਬੰਧ ਕੀਤਾ ਜਾਂਦਾ ਹੈ।

**ਡੈਪੋ/ਸਵੀਪ:**ਭਾਰਤ ਸਰਕਾਰ ਦੇ ਨਿਰਦੇਸ਼ਾ ਅਨੁਸਾਰ ਸਮੇਂ-ਸਮੇਂ ਤੇ ਵੋਟਰ ਜਾਗਰੂਕਤਾ ,ਵੋਟ ਅਧਿਕਾਰ, ਵੋਟ ਦੀ ਸਹੀ ਵਰਤੋਂ,ਰਾਸ਼ਟਰੀ ਵੋਟਰ ਦਿਵਸ ਸੰਬੰਧੀ ਕਾਲਜ ਅਤੇ ਕਲਸਟਰ ਪੱਧਰ ਤੇ ਸੈਮੀਨਾਰ ਕਰਵਾਏ ਜਾਂਦੇ ਹਨ ਅਤੇ ਵੱਖ-ਵੱਖ ਗਤੀਵਿਧੀਆਂ ਵਿੱਚ ਵਿਦਿਆਰਥਣਾਂ ਦੀ ਸ਼ਮੂਲੀਅਤ ਕਰਵਾਈ ਜਾਂਦੀ ਹੈ ।

**ਐਨ.ਐਸ.ਐਸ. :**

ਕਾਲਜ ਵਿੱਚ ਐਨ.ਐਸ.ਐਸ. ਯੂਨਿਟ ਚਲ ਰਿਹਾ ਹੈ। ਐਨ.ਐਸ.ਐਸ. ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀਆਂ ਹਦਾਇਤਾਂ ਅਨੁਸਾਰ ਕਾਲਜ ਵਿੱਚ ਸਮੇਂ ਸਮੇਂ 'ਤੇ ਐਨ.ਐਸ. ਐਸ. ਪ੍ਰੋਗਰਾਮ, ਕੈਂਪ ਅਤੇ ਸੈਮੀਨਾਰ ਕਰਵਾਏ ਜਾਂਦੇ ਹਨ। ਕੈਂਪ ਦੇ ਦੌਰਾਨ ਕਾਲਜ ਕੈਂਪਸ ਨੂੰ ਸਾਫ਼-ਸੁਥਰਾ ਰੱਖਣ ਅਤੇ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਵਿਦਿਆਰਥਣਾਂ ਨੂੰ ਜਾਗਰੂਕ ਕੀਤਾ ਜਾਂਦਾ ਹੈ । ਐਨ.ਐਸ.ਐਸ. ਕੈਂਪ ਵਿੱਚ ਵਲੰਟੀਅਰ ਵੱਧ-ਚੜ੍ਹ ਕੇ ਹਿੱਸਾ ਲੈਂਦੇਂ ਹਨ ਅਤੇ ਵਲੰਟੀਅਰਾਂ ਨੂੰ ਸਮੇਂ-ਸਮੇਂ ਤੇ ਸਨਮਾਨਿਤ ਕੀਤਾ ਜਾਂਦਾ ਹੈ।

## ਕਾਲਜ ਸਟਾਫ਼

### ਪ੍ਰਿੰਸੀਪਲ

**ਡਾ. ਉਂਕਾਰ ਸਿੰਘ**

ਡੀ.ਪੀ.ਐਡ., ਐਮ.ਪੀ.ਐਡ., ਪੀ.ਐਚ.ਡੀ.

### ਕਾਮਰਸ ਵਿਭਾਗ

**ਵਰਿੰਦਰ ਗਰਗ**

ਐਮ.ਕਾਮ., ਐਮ.ਬੀ.ਏ.

### ਕੰਪਿਊਟਰ ਵਿਭਾਗ

**ਸੰਦੀਪ ਕੌਰ**

ਬੀ.ਟੈੱਕ (ਕੰਪਿਊਟਰ ਸਾਇੰਸ)

ਪੋਲੀਟੈਕਨਿਕ ਡਿਪਲੋਮਾ (ਕੰਪਿਊਟਰ ਸਾਇੰਸ)

### ਲਾਇਬ੍ਰੇਰੀ ਵਿਭਾਗ

**ਸੁਖਜੀਤ ਕੌਰ**

ਬੀ.ਲਿਬ., ਐਮ.ਲਿਬ.

### ਆਰਟਸ ਵਿਭਾਗ

**ਹਰਪ੍ਰੀਤ ਕੌਰ**

ਐਮ.ਏ. ਪੰਜਾਬੀ, ਐਮ.ਏ. ਹਿਸਟਰੀ, ਬੀ.ਐਡ

**ਸਤਗੁਰ ਸਿੰਘ**

ਐਮ.ਏ. ਪੰਜਾਬੀ, ਨੈੱਟ

**ਪ੍ਰੋ. ਜੋਧਾ ਸਿੰਘ**

ਐਮ.ਏ. ਹਿਸਟਰੀ, ਐਮ.ਏ. ਪੰਜਾਬੀ, ਬੀ.ਐਡ., ਪੀ.ਐਸ.ਟੈੱਟ

**ਕਮਲਜੀਤ ਕੌਰ**

ਬੀ.ਕਾਮ., ਐਮ.ਕਾਮ., ਬੀ.ਐਡ.

**ਸਰਬਜੀਤ ਸਿੰਘ**

ਐਮ.ਏ. (ਅੰਗ੍ਰੇਜੀ), ਬੀ.ਐਡ.

**ਦੀਪਿਕਾ**

ਐਮ.ਏ. ਹਿੰਦੀ, ਡਿਪਲੋਮਾ ਕੰਪਿਊਟਰ

**ਵੀਰਪਾਲ ਕੌਰ**

ਐਮ.ਏ. ਪੋਲ. ਸਾਇੰਸ, ਬੀ.ਐਡ.

**ਸਤਵੀਰ ਕੌਰ**

ਐਮ.ਏ. ਸਮਾਜ ਸਾਸ਼ਤਰ, ਬੀ.ਐਡ.

**ਭੁਪਿੰਦਰ ਕੌਰ**

ਬੀ.ਪੀ.ਐਡ., ਐਮ.ਪੀ.ਐਡ., ਪੀ.ਜੀ.ਡੀ.ਐਚ.ਐਫ.ਟੀ., ਪੀ.ਐਸ.ਟੈੱਟ

## ਛੁੱਟੀ ਲਈ ਦਰਖ਼ਾਸਤ

1) ਟਿਊਟਰ ਇਕ ਸਮੇਂ ਵੱਧ ਤੋਂ ਵੱਧ ਤਿੰਨ ਦਿਨਾਂ ਦੀ ਛੁੱਟੀ ਮਨਜ਼ੂਰ ਕਰ ਸਕਦਾ ਹੈ । ਇਸ ਤੋਂ ਵੱਧ ਸਮੇਂ ਲਈ ਛੁੱਟੀ ਟਿਊਟਰ ਦੀ ਸਿਫਾਰਸ਼ ਨਾਲ ਪ੍ਰਿੰਸੀਪਲ ਤੋਂ ਮਨਜ਼ੂਰ ਕਰਵਾਈ ਜਾਵੇਗੀ।

2) ਪਿਤਾ ਜਾਂ ਸਰਪ੍ਰਸਤ ਦੇ ਤਸਦੀਕ ਕਰਨ ਤੋਂ ਬਿਨਾਂ ਛੁੱਟੀ ਮਨਜ਼ੂਰ ਨਹੀਂ ਕੀਤੀ ਜਾਵੇਗੀ।

3) ਪੰਜ ਦਿਨਾਂ ਤੋਂ ਵੱਧ ਬਿਮਾਰੀ ਦੀ ਛੁੱਟੀ ਲਈ ਮੈਡੀਕਲ ਸਰਟੀਫਿਕੇਟ ਲਗਾਉਣਾ ਜ਼ਰੂਰੀ ਹੈ ਤੇ ਇਹ ਸਰਟੀਫਿਕੇਟ ਸਰਕਾਰੀ ਹਸਪਤਾਲ ਦਾ ਹੀ ਮੰਨਿਆ ਜਾਵੇਗਾ।

4) ਜੇਕਰ ਕੋਈ ਵਿਦਿਆਰਥੀ ਛੁੱਟੀ ਮਨਜ਼ੂਰ ਕਰਵਾਏ ਬਿਨ੍ਹਾਂ 7 ਦਿਨ ਤੱਕ ਗੈਰ-ਹਾਜ਼ਰ ਰਹਿੰਦਾ ਹੈ ਤਾਂ ਕਾਲਜ ਵਿਚੋਂ ਉਸ ਦਾ ਨਾਮ ਕੱਟ ਦਿੱਤਾ ਜਾਵੇਗਾ। ਅਜਿਹਾ ਵਿਦਿਆਰਥੀ ਪ੍ਰਿੰਸੀਪਲ ਦੀ ਆਗਿਆ ਨਾਲ ਨਾਮ ਕੱਟਣ ਤੋਂ 15 ਦਿਨਾਂ ਦੇ ਅੰਦਰ ਦਾਖ਼ਲੇ ਦੀ ਫ਼ੀਸ ਦੇ ਕੇ ਦੁਬਾਰਾ ਦਾਖ਼ਲਾ ਭਰ ਸਕਦਾ ਹੈ। ਪ੍ਰੰਤੂ ਅਜਿਹੇ ਵਿਦਿਆਰਥੀ ਨੂੰ ਨਾਮ ਕੱਟੇ ਹੋਏ ਸਮੇਂ ਦੀਆਂ ਹਾਜ਼ਰੀਆਂ ਨਹੀਂ ਮਿਲਣਗੀਆਂ ।

5) ਐਮਰਜੈਂਸੀ ਛੁੱਟੀ ਦੀ ਸੂਰਤ ਵਿੱਚ ਆਪ ਜੀ ਦੇ ਪਿਤਾ ਦੇ ਆਉਣ ਤੇ ਹੀ ਛੁੱਟੀ ਮਨਜ਼ੂਰ ਕੀਤੀ ਜਾਵੇਗੀ।

6) ਕਿਸੇ ਵੀ ਤਰਾਂ ਦੀ ਛੁੱਟੀ ਲੈਣ ਲਈ ਕਾਲਜ ਤੋਂ ਪਹਿਲਾਂ ਪ੍ਰਵਾਨਗੀ ਲੈਣੀ ਜ਼ਰੂਰੀ ਹੈ।

## Dress Code For College Classes

**Dress Days :** Monday, Wednesday, Friday

**Shirt :** Sky Blue

**Salwar :** Navy Blue

**Dupatta :** Navy Blue

ਨੋਟ : Uniform ਨਾ ਪਾਉਣ ਦੀ ਸੂਰਤ ਵਿੱਚ 10ਰੁ: ਪ੍ਰਤੀ ਦਿਨ ਜੁਰਮਾਨਾ ਹੋਵੇਗਾ।

## ਯੂਨੀਵਰਸਿਟੀ ਦੁਆਰਾ ਨਿਰਧਾਰਿਤ ਦਾਖਲਾ ਸ਼ਡਿਊਲ (ਸੈਸ਼ਨ 2025-26)

| ਸਮੈਸਟਰ ਅਤੇ ਸਲਾਨਾ ਪ੍ਰਣਾਲੀ ਦੇ ਸਾਰੇ ਕੋਰਸਾਂ ਦੇ ਰੈਗੂਲਰ ਦਾਖਲੇ | ਤੋਂ ਤੱਕ<br>ਬਿਨ੍ਹਾਂ ਲੇਟ ਫੀਸ ਤੋਂ |
|---|---|
| ਆਨਲਾਈਨ ਦਾਖਲਾ ਫਾਰਮ ਜਮ੍ਹਾਂ ਕਰਨ ਦੀ ਸ਼ੁਰਆਤੀ ਮਿਤੀ | 15-05-2025 |
| ਆਨਲਾਈਨ ਦਾਖਲਾ ਫਾਰਮ ਜਮ੍ਹਾਂ ਕਰਨ ਦੀ ਅੰਤਿਮ ਮਿਤੀ | 25-06-2025 |
| ਵਿਦਿਆਰਥੀਆਂ ਲਈ ਫੀਸ ਜਮ੍ਹਾਂ ਕਰਨ ਦੀ ਆਖਰੀ ਮਿਤੀ | 25-07-2025 |
| ਯੂਨੀਵਰਸਟੀ ਦੇ ਨਿਯਮਾਂ ਅਨੁਸਾਰ ਲੇਟ ਫੀਸ ਨਾਲ ਦਾਖਲੇ ਦੀ ਆਖਰੀ ਮਿਤੀ | 01-08-2025 ਤੋਂ ਬਾਅਦ |

# ਕਾਲਜ ਕੋਰਸ ਦੀਆਂ ਫ਼ੀਸਾਂ ਦਾ ਵੇਰਵਾ

ਸੈਸ਼ਨ 2024-25

| ਲੜੀ.ਨੰ. | ਕੋਰਸ | ਸਮੈਸਟਰ-I | ਸਮੈਸਟਰ-II | ਕੁੱਲ ਜੋੜ |
|---|---|---|---|---|
| 1. | ਬੀ.ਏ.- I | 6000+ਰਜਿਸਟਰੇਸ਼ਨ ਫ਼ੀਸ ਵੱਖਰੀ + ਟਰਾਂਸਪੋਰਟ ਫ਼ੀਸ ਵੱਖਰੀ+ਯੂਨੀ.ਫ਼ੀਸ ਵੱਖਰੀ | 6000+ ਟਰਾਂਸਪੋਰਟ ਫ਼ੀਸ ਵੱਖਰੀ +ਯੂਨੀ.ਫ਼ੀਸ ਵੱਖਰੀ | 12000/- |
| 2. | ਬੀ.ਕਾਮ.- I | 11000+ ਰਜਿਸਟਰੇਸ਼ਨ ਫ਼ੀਸ ਵੱਖਰੀ +ਟਰਾਂਸਪੋਰਟ ਫ਼ੀਸ ਵੱਖਰੀ +ਯੂਨੀ.ਫ਼ੀਸ ਵੱਖਰੀ | 11000+ ਟਰਾਂਸਪੋਰਟ ਫ਼ੀਸ ਵੱਖਰੀ +ਯੂਨੀ.ਫ਼ੀਸ ਵੱਖਰੀ | 22000/- |
| 3. | ਬੀ.ਸੀ.ਏ.-I | 11000+ ਰਜਿਸਟਰੇਸ਼ਨ ਫ਼ੀਸ ਵੱਖਰੀ +ਟਰਾਂਸਪੋਰਟ ਫ਼ੀਸ ਵੱਖਰੀ +ਯੂਨੀ.ਫ਼ੀਸ ਵੱਖਰੀ | 11000+ ਟਰਾਂਸਪੋਰਟ ਫ਼ੀਸ ਵੱਖਰੀ +ਯੂਨੀ.ਫ਼ੀਸ ਵੱਖਰੀ | 22000/- |
| 4. | ਪੀ.ਜੀ.ਡੀ.ਸੀ.ਏ. | 9000+ ਰਜਿਸਟਰੇਸ਼ਨ ਫ਼ੀਸ ਵੱਖਰੀ +ਟਰਾਂਸਪੋਰਟ ਫ਼ੀਸ ਵੱਖਰੀ+ਯੂਨੀ.ਫ਼ੀਸ ਵੱਖਰੀ | 9000+ ਟਰਾਂਸਪੋਰਟ ਫ਼ੀਸ ਵੱਖਰੀ +ਯੂਨੀ.ਫ਼ੀਸ ਵੱਖਰੀ | 18000/- |
| ਲੜੀ. ਨੰ. | ਕੋਰਸ | ਸਮੈਸਟਰ-III | ਸਮੈਸਟਰ-IV | ਕੁੱਲ ਜੋੜ |
| 1. | ਬੀ.ਏ.- II | 5000+ ਰਜਿਸਟਰੇਸ਼ਨ ਫ਼ੀਸ ਵੱਖਰੀ + ਟਰਾਂਸਪੋਰਟ ਫ਼ੀਸ ਵੱਖਰੀ+ਯੂਨੀ.ਫ਼ੀਸ ਵੱਖਰੀ | 5000+ ਟਰਾਂਸਪੋਰਟ ਫ਼ੀਸ ਵੱਖਰੀ+ਯੂਨੀ.ਫ਼ੀਸ ਵੱਖਰੀ | 10000/- |
| 2. | ਬੀ.ਕਾਮ.- II | 10000+ ਰਜਿਸਟਰੇਸ਼ਨ ਫ਼ੀਸ ਵੱਖਰੀ +ਟਰਾਂਸਪੋਰਟ ਫ਼ੀਸ ਵੱਖਰੀ+ਯੂਨੀ.ਫ਼ੀਸ ਵੱਖਰੀ | 10000+ ਟਰਾਂਸਪੋਰਟ ਫ਼ੀਸ ਵੱਖਰੀ+ਯੂਨੀ.ਫ਼ੀਸ ਵੱਖਰੀ | 20000/- |
| 3. | ਬੀ.ਸੀ.ਏ.-II | 10000+ ਰਜਿਸਟਰੇਸ਼ਨ ਫ਼ੀਸ ਵੱਖਰੀ + ਟਰਾਂਸਪੋਰਟ ਫ਼ੀਸ ਵੱਖਰੀ+ਯੂਨੀ.ਫ਼ੀਸ ਵੱਖਰੀ | 10000+ ਟਰਾਂਸਪੋਰਟ ਫ਼ੀਸ ਵੱਖਰੀ +ਯੂਨੀ.ਫ਼ੀਸ ਵੱਖਰੀ | 20000/- |
| ਲੜੀ. ਨੰ. | ਕੋਰਸ | ਸਮੈਸਟਰ-V | ਸਮੈਸਟਰ-VI | ਕੁੱਲ ਜੋੜ |
| 1. | ਬੀ.ਏ.- III | 5000+ ਰਜਿਸਟਰੇਸ਼ਨ ਫ਼ੀਸ ਵੱਖਰੀ + ਟਰਾਂਸਪੋਰਟ ਫ਼ੀਸ ਵੱਖਰੀ+ਯੂਨੀ.ਫ਼ੀਸ ਵੱਖਰੀ | 5000+ ਟਰਾਂਸਪੋਰਟ ਫ਼ੀਸ ਵੱਖਰੀ+ਯੂਨੀ.ਫ਼ੀਸ ਵੱਖਰੀ | 10000/- |
| 2. | ਬੀ.ਸੀ.ਏ.-III | 10000+ ਰਜਿਸਟਰੇਸ਼ਨ ਫ਼ੀਸ ਵੱਖਰੀ + ਟਰਾਂਸਪੋਰਟ ਫ਼ੀਸ ਵੱਖਰੀ+ਯੂਨੀ.ਫ਼ੀਸ ਵੱਖਰੀ | 10000+ਟਰਾਂਸਪੋਰਟ ਫ਼ੀਸ ਵੱਖਰੀ+ਯੂਨੀ.ਫ਼ੀਸ ਵੱਖਰੀ | 20000/- |
| 3. | ਬੀ.ਕਾਮ.- III | 10000+ ਰਜਿਸਟਰੇਸ਼ਨ ਫ਼ੀਸ ਵੱਖਰੀ +ਟਰਾਂਸਪੋਰਟ ਫ਼ੀਸ ਵੱਖਰੀ+ਯੂਨੀ.ਫ਼ੀਸ ਵੱਖਰੀ | 10000+ ਟਰਾਂਸਪੋਰਟ ਫ਼ੀਸ ਵੱਖਰੀ+ਯੂਨੀ.ਫ਼ੀਸ ਵੱਖਰੀ | 20000/- |

ਕਾਲਜ ਫ਼ੀਸ ਤੋਂ ਇਲਾਵਾ ਯੂਨੀਵਰਸਿਟੀ ਵੱਲੋਂ ਨਿਰਧਾਰਤ ਕੀਤੀਆਂ ਗਈਆਂ ਹੋਰ ਅਦਾਇਗੀ ਯੋਗ ਫ਼ੀਸਾਂ :-

1. ਨਵੇਂ ਵਿਦਿਆਰਥੀਆਂ ਲਈ ਯੂਨੀਵਰਸਿਟੀ ਰਜਿਸਟ੍ਰੇਸ਼ਨ ਫ਼ੀਸ ਅਤੇ ਵੈਰੀਫੀਕੇਸ਼ਨ ਫੀਸ ।

2. ਪੁਰਾਣੇ ਵਿਦਿਆਰਥੀਆਂ ਲਈ ਕੰਟੀਨਿਊਸ਼ਨ ਫ਼ੀਸ ।

3. ਪ੍ਰੀਖਿਆ ਫ਼ੀਸ । 4. ਪ੍ਰੈਕਟੀਕਲ ਫ਼ੀਸ (ਪ੍ਰੈਕਟੀਕਲ ਵਿਸ਼ਿਆਂ ਲਈ)

ਨੋਟ :
- ਦਾਖ਼ਲਾ ਮਿਲ ਜਾਣ ਤੋਂ ਬਾਅਦ 15 ਦਿਨਾਂ ਦੇ ਅੰਦਰ-ਅੰਦਰ ਪਹਿਲੇ ਸਮੈਸਟਰ ਦੀ ਪੂਰੀ ਫ਼ੀਸ ਜਮ੍ਹਾਂ ਕਰਵਾਉਣੀ ਹੋਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਦਾਖ਼ਲਾ ਰੱਦ ਕੀਤਾ ਜਾ ਸਕਦਾ ਹੈ ।
- ਜੇਕਰ ਯੂਨੀਵਰਸਿਟੀ ਵੱਲੋਂ ਕਿਸੇ ਫੀਸ ਵਿੱਚ ਵਾਧਾ ਕੀਤਾ ਜਾਂਦਾ ਹੈ ਤਾਂ ਯੂਨੀਵਰਸਿਟੀ ਨਿਯਮਾਂ ਅਨੁਸਾਰ ਵਿਦਿਆਰਥੀ ਤੋਂ ਇਹ ਫੀਸ ਲਈ ਜਾਵੇਗੀ ।
- ਕਿਸੇ ਵੀ ਸੂਰਤ ਵਿੱਚ ਲਈਆਂ ਗਈਆਂ ਫ਼ੀਸਾਂ ਅਤੇ ਫੰਡ ਵਾਪਸ ਨਹੀਂ ਕੀਤੇ ਜਾਣਗੇ ।

# College Bus Service Details

| VILLAGE / CITY | FARE | VILLAGE / CITY | FARE | VILLAGE / CITY | FARE |
|---|---|---|---|---|---|
| Sunam | 9600 | Bir Kalan | 9840 | Sheron | 9840 |
| Bakshiwal | 8400 | Jharon | 9840 | Tolawal Kothe | 8400 |
| Ghasiwal | 8400 | Shahpur | 9840 | Chow Wass Pau | 7200 |
| Dole Singh Wala | 8400 | Jakhepal Local | 4200 | Model Town Sheron | 9840 |
| Amru Kotra | 8400 | Dharamgarh | 8400 | Herro Khurd | 9840 |
| Nagla | 10800 | Phulera | 9000 | Satouj | 9000 |
| Chhajla | 8400 | Bir Khurad | 10800 | Chhajli | 9840 |
| Cheema | 9000 | Alampur | 9000 | Ganduan | 9840 |
| Tolawal | 8400 | Medewas | 9000 | Bheni Ganduan | 9840 |
| Kanakwal (Bhanguan) | 9000 | Mojowal | 9000 | Baalu Ke Kothe | 600 |
| Nilowal | 9000 | Dodra | 8400 | Chow Wass (Kotra Amru Kothe) | 7200 |
| Ugrahan | 8400 | Bhadra | 8400 | Sangtiwala | 10800 |
| Patianwaali | 9000 | Gobindgarh | 9840 | Khiva | 11040 |
| Kanakwal Chehllan | 9000 | Rattakhera | 9840 | Bachhoana | 11040 |
| | | | | Guraddi | 11040 |

# List of Contact Persons For More Details

| | | |
|---|---|---|
| **Management** | Manager Baba Pritam Dass Ji | 98150-87284 |
| **Principal** | Dr. Onkar Singh | 81465-33022 |
| **Admission Cell** | Phone | 94784-06700 |
| | Phone | 01676-288148 |
| | E-mail | babaparmanand750@gmail.com |
| | website | www.bpkmj.com |
| | Facebook | fb.me/BMKMJAKHEPAL |

# ਮਾਣਮੱਤੀਆਂ ਪ੍ਰਾਪਤੀਆਂ



**ਨਸਰੀਨ ਬੇਗਮ**
ਪੰਜਾਬ ਪੁਲਿਸ TTS 2021



**ਸੁਮਨਪ੍ਰੀਤ ਕੌਰ**
ਸੁਪਰਵਾਇਜ਼ਰ ਭਰਤੀ 2023



**ਗੋਲੋ ਕੌਰ**
ਪੰਜਾਬ ਪੁਲਿਸ TTS 2021

# ਸਾਡੇ ਕਾਲਜ ਦਾ ਮਾਣ



**ਕੁਲਵਿੰਦਰ ਕੌਰ**
ਬੀ.ਏ. ਭਾਗ ਪਹਿਲਾ
ਖੇਡਾਂ ਵਤਨ ਪੰਜਾਬ 2023
ਲੰਮੀ ਛਾਲ, ਤੀਸਰਾ ਸਥਾਨ
ਅੰਤਰ ਕਾਲਜ ਮੁਕਾਬਲੇ
ਤੀਹਰੀ ਛਾਲ ਤੀਸਰਾ ਸਥਾਨ



**ਜੋਤੀ ਸ਼ਰਮਾ**
ਬੀ.ਏ.ਭਾਗ ਪਹਿਲਾ
ਖੇਡਾਂ ਵਤਨ ਪੰਜਾਬ 2023
ਲੰਮੀ ਛਾਲ, ਦੂਸਰਾ ਸਥਾਨ
ਅੰਤਰ ਕਾਲਜ ਮੁਕਾਬਲੇ
ਤੀਹਰੀ ਛਾਲ ਦੂਸਰਾ ਸਥਾਨ



**ਨਵਜੋਤ ਕੌਰ**
ਬੀ.ਏ. ਭਾਗ ਪਹਿਲਾ
ਖੇਡਾਂ ਵਤਨ ਪੰਜਾਬ 2023
400 ਮੀਟਰ ਹਰਡਲ
ਦੂਸਰਾ ਸਥਾਨ



**ਖੁਸ਼ਪ੍ਰੀਤ ਕੌਰ**
ਬੀ.ਏ. ਭਾਗ ਪਹਿਲਾ
ਖੇਡਾਂ ਵਤਨ ਪੰਜਾਬ 2023
100 ਮੀਟਰ ਹਰਡਲ
ਦੂਸਰਾ ਸਥਾਨ

# ਅਕਾਦਮਿਕ ਪ੍ਰਾਪਤੀਆਂ



**ਸੋਮਾ ਕੌਰ**
ਬੀ.ਏ. ਭਾਗ ਪਹਿਲਾ
75.8%



**ਮਹਿਕਪ੍ਰੀਤ ਕੌਰ**
ਬੀ.ਏ. ਭਾਗ ਪਹਿਲਾ
74.8%



**ਗੀਤਾ ਕੌਰ**
ਬੀ.ਏ. ਭਾਗ ਦੂਜਾ
83.8%



**ਖ਼ੁਸਵੀਰ ਕੌਰ**
ਬੀ.ਏ. ਭਾਗ ਦੂਜਾ
83%



**ਰਾਜਵੀਰ ਕੌਰ**
ਬੀ.ਕਾਮ. ਭਾਗ ਦੂਜਾ
78.8%



**ਸ਼ਮਨਪ੍ਰੀਤ ਕੌਰ**
ਬੀ.ਕਾਮ. ਭਾਗ ਦੂਜਾ
73.8%



**ਕੋਮਲਪ੍ਰੀਤ ਕੌਰ**
ਬੀ.ਏ. ਭਾਗ ਤੀਜਾ
86.2%



**ਮਨਪ੍ਰੀਤ ਕੌਰ**
ਬੀ.ਸੀ.ਏ. ਭਾਗ ਤੀਜਾ
84.7%



**ਬੇਅੰਤ ਕੌਰ**
ਬੀ.ਕਾਮ. ਭਾਗ ਤੀਜਾ
84.7%



ਫਤਿਹਗੜ੍ਹ ਸਾਹਿਬ ਵਿਖੇ ਧਾਰਮਿਕ ਟੂਰ ਦੌਰਾਨ ਯਾਦਗਾਰੀ ਤਸਵੀਰ।



ਕਾਲਜ ਵਿਦਿਆਰਥਣਾਂ ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ
ਪੁਸਤਕ ਮੇਲੇ ਵਿੱਚ ਸ਼ਮੂਲੀਅਤ ਦੌਰਾਨ ਯਾਦਗਾਰੀ ਤਸਵੀਰ।



ਵਿਸ਼ਵ ਪ੍ਰਦੂਸ਼ਣ ਰੋਕਥਾਮ ਦਿਵਸ ਨੂੰ ਮੱਦੇ ਨਜ਼ਰ ਰੱਖਦਿਆਂ ਕਾਲਜ ਵਿੱਚ ਬੂਟੇ ਲਗਾਉਂਦੇ ਹੋਏ
ਪ੍ਰਿੰਸੀਪਲ ਦਰਸ਼ਨ ਖਾਨ ਸਟਾਫ਼ ਅਤੇ ਵਿਦਿਆਰਥਣਾਂ



ਕਾਲਜ ਵਿਦਿਆਰਥਣਾਂ ਵੱਲੋਂ ਵਾਤਾਵਰਨ ਜਾਗਰੂਕਤਾ ਰੈਲੀ ਨੂੰ
ਝੰਡੀ ਦੇ ਕੇ ਰਵਾਨਾ ਕਰਦੇ ਹੋਏ ਪ੍ਰਿੰ. ਸ੍ਰੀ ਦਰਸ਼ਨ ਖਾਨ ਜੀ ਅਤੇ ਸਮੂਹ ਸਟਾਫ਼



ਕਾਲਜ ਦੀ ਆਪਣੀ ਨਵੀਂ ਟਰਾਂਸਪੋਰਟ



ਸੱਭਿਆਚਾਰਕ ਗਤੀਵਿਧੀਆਂ ਵਿੱਚ ਭਾਗ ਲੈਦੀਆਂ ਕਾਲਜ ਦੀਆਂ ਵਿਦਿਆਰਥਣਾਂ



ਲਾਇਬ੍ਰੇਰੀ ਵਿੱਚ ਪੜ੍ਹ ਰਹੀਆਂ ਕਾਲਜ ਦੀਆਂ ਵਿਦਿਆਰਥਣਾਂ



ਸਾਰੀਆਂ ਆਧੁਨਿਕ ਸੁਵਿਧਾਵਾਂ ਨਾਲ ਲੈਸ ਕਾਲਜ ਦੀ ਕੰਪਿਊਟਰ ਲੈਬ




ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵਿਖੇ ਪ੍ਰਿੰਸੀਪਲ ਡਾ. ਉਂਕਾਰ ਸਿੰਘ ਜੀ
ਦਾ ਵਿਸ਼ੇਸ਼ ਸਨਮਾਨ ਕਰਦੇ ਹੋਏ ਯੂਨੀਵਰਸਿਟੀ ਅਧਿਕਾਰੀ
ਡਾ. ਰਾਜ ਕੁਮਾਰ ਸ਼ਰਮਾ ਡਾਇਰੈਕਟਰ ਸਪੋਰਟਸ



ਮਾਂ ਬੋਲੀ ਦਿਵਸ 'ਤੇ ਸ੍ਰ. ਅਜੈਬ ਸਿੰਘ ਗਰਚਾ ਅਕਾਲ ਚੈਨਲ, ਇੰਗਲੈਂਡ ਨੂੰ
'ਜੀ ਆਇਆ' ਆਖਦੇ ਹੋਏ ਪ੍ਰਿੰਸੀਪਲ ਅਤੇ ਸਮੂਹ ਸਟਾਫ਼।

BABA PARMANAND KANYA MAHAVIDYALYA
JAKHEPAL



ਖੇਡ ਖੇਤਰ ਦੇ ਬਾਬਾ ਬੋਹੜ ਡਾ. ਬੀ.ਐਸ. ਪੂਨੀਆ ਜੀ ਦਾ ਉਹਨਾਂ ਦੇ 90ਵੇਂ ਜਨਮ ਦਿਨ ਤੇ ਵਿਸ਼ੇਸ਼ ਸਨਮਾਨ ਕਰਦੇ ਹੋਏ ਪ੍ਰਿੰ. ਡਾ. ਉਂਕਾਰ ਸਿੰਘ, ਪ੍ਰਿੰ. ਸ੍ਰੀ ਦਰਸ਼ਨ ਖਾਨ, ਬਾਬਾ ਅੰਮ੍ਰਿਤਵਣ ਜੀ ਅਤੇ ਸ. ਤਾਰਾ ਸਿੰਘ ਅਰਜਨਾ ਅਵਾਰਡੀ ਵੇਟ ਲਿਫਟਰ।



ਉੱਘੇ ਵੇਟ ਲਿਫਟਰ ਅਤੇ ਕੋਚ ਮਿ. ਨੈਟ ਕੂਪਰ ਇੰਗਲੈਂਡ ਅਤੇ ਅੰਤਰਰਾਸ਼ਟਰੀ ਵੇਟ ਲਿਫਟਰਾਂ ਦਾ ਸਨਮਾਨ ਕਰਦੇ ਹੋਏ ਪ੍ਰਿੰਸੀਪਲ ਡਾ. ਉਂਕਾਰ ਸਿੰਘ ਅਤੇ ਸਮੂਹ ਸਟਾਫ।

tigerpressunam@gmail.com | 9814424127